ਪ੍ਰਸ਼ਨ ਬੈਂਕ (ਹੱਲ ਸਹਿਤ)

ਵਿਲੱਖਣ ਸਮਰੱਥਾ (ਐਚ.ਆਈ,ਵੀ.ਆਈ. ਅਤੇ ਐਮ.ਆਰ.) ਵਾਲੇ ਵਿਦਿਆਰਥੀਆਂ ਲਈ

ਸ਼੍ਰੈਣੀ ਪੰਜਵੀ

ਵਿਸ਼ਾ :- ਪੰਜਾਬੀ

ਪਿਆਰੇ ਵਿਦਿਆਰਥੀਓ,

ਮਾਨਯੋਗ ਸਕੱਤਰ ਸਕੂਲ ਸਿੱਖਿਆ ਪੰਜਾਬ ਜੀ ਦੇ ਮਾਰਗ ਦਰਸ਼ਨ ਅਤੇ ਦਿਸ਼ਾ ਨਿਰਦੇਸ਼ਾਂ ਹੇਠ ਵਿਲੱਖਣ ਸਮਰੱਥਾ ਵਾਲੇ ਪੰਜਵੀਂ ਸ਼੍ਰੈਣੀ ਦੇ ਵਿਦਿਆਰਥੀਆਂ ਲਈ ਪੰਜਾਬੀ ਵਿਸ਼ੇ ਦਾ ਪ੍ਰਸ਼ਨ ਬੈਂਕ ਤਿਆਰ ਕੀਤਾ ਗਿਆ ਹੈ। ਇਹ ਪ੍ਰਸ਼ਨ ਬੈਂਕ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪੰਜਵੀਂ ਦੇ ਪਾਠ ਕ੍ਰਮ ਦੇ ਅਧਾਰ ਤੇ ਬਣਾਇਆ ਗਿਆ ਹੈ। ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ ਕੋਈ ਵੱਖਰਾ ਪਾਠ ਕ੍ਰਮ ਨਹੀਂ ਰੱਖਿਆਂ ਗਿਆ, ਸਿਰਫ ਪ੍ਰਸ਼ਨ ਪੱਤਰ ਦੀ ਰੂਪ ਰੇਖਾ ਹੀ ਭਿੰਨ ਰੱਖੀ ਗਈ ਹੈ।ਇਸ ਪ੍ਰਸ਼ਨ ਪੱਤਰ ਵਿੱਚ 60% ਪ੍ਰਸ਼ਨ (ਬਹੁ ਵਿਕਲਪੀ ਪ੍ਰਸ਼ਨ, ਖਾਲੀ ਥਾਵਾਂ, ਮਿਲਾਣ ਕਰੋ ਅਤੇ ਸਹੀ ਗਲਤ) ਹਨ। ਜਦੋਂ ਕਿ 20% ਛੋਟੇ ਉਤਰਾਂ ਵਾਲੇ ਪ੍ਰਸ਼ਨ ਅਤੇ 20% ਵੱਡੇ ਉਤਰਾਂ ਵਾਲੇ ਪ੍ਰਸ਼ਨ ਹਨ।

ਇਸ ਪ੍ਰਸ਼ਨ ਬੈਂਕ ਨੂੰ ਬਣਾਉਣ ਦਾ ਉਦੇਸ਼ ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਨੂੰ ਉਚਿਤ ਅਤੇ ਲੋੜੀਂਦਾ ਗਿਆਨ ਸਰਲਤਾ ਨਾਲ ਪ੍ਰਦਾਨ ਕਰਨ ਦਾ ਹੈ ਇਸ ਫਸ਼ਨ ਬੈਂਕ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਨੂੰ 100% ਹੱਲ ਕੀਤਾ ਗਿਆ ਹੈ ਅਤੇ ਪ੍ਰੀਖਿਆ ਵਿੱਚ ਕੇਵਲ ਇਸ ਪ੍ਰਸਨ ਬੈਂਕ ਵਿੱਚੋਂ ਹੀ ਪ੍ਰਸ਼ਨ ਪੁਛੇ ਜਾਣਗੇ।

ਇਸ ਪ੍ਰਸ਼ਨ ਬੈਂਕ ਨੂੰ ਵਿਸ਼ਾ ਮਾਹਿਰਾ ਵੱਲੋਂ ਤਿਆਰ ਕੀਤਾ ਗਿਆ ਹੈ। ਸੁਧਾਰ ਦੇ ਤੌਰ ਆਏ ਸੁਝਾਵਾਂ ਦਾ ਸਵਾਗਤ ਕੀਤਾ ਜਾਵੇਗਾ।


ਬਲਜਿੰਦਰ ਸਿੰਘ (ਹੈੱਡ ਟੀਚਰ ਸ.ਐ.ਸ. ਗੱਗੜ੍ਹਵਾਲ, ਫ.ਗ.ਸ.)

ਰੁਪਿੰਦਰ ਸਿੰਘ ( ਈ.ਟੀ.ਟੀ. ਸ.ਐ.ਸ. ਸਿੱਧੂਪੁਰ ਖੁਰਦ ਫ.ਗ.ਸ.)

ਤਿਆਰ ਕਰਤਾ

ਸੰਪਾਦਕ

ਵਿਸ਼ਾ ਮਾਹਿਰ

ਐਸ.ਸੀ.ਈ.ਆਰ.ਟੀ. ਪੰਜਾਬ

# ਪ੍ਰਸ਼ਨ ਪੱਤਰ ਦੀ ਰੂਪ ਰੇਖਾ ( ਵਿਲੱਖਣ ਸਮੱਰਥਾ ਵਾਲੇ ਵਿਦਿਆਥੀਆਂ ਲਈ )

## ਸ਼ੈਸਨ 2018-19

ਸਮਾਂ:- 3 ਘੰਟੇ+ 1 ਘੰਟਾ ਵਾਧੂ ਜਮਾਤ ਪੰਜਵੀਂ ਕੁੱਲ ਅੰਕ:- 80

ਵਿਸ਼ਾ ਪੰਜਾਬੀ

ਭਾਗ (ੳ)

ਬਹੁ ਵਿਕਲਪੀ ਪ੍ਰਸ਼ਨ

ਕੁੱਲ ਪ੍ਰਸ਼ਨ-24 ਕੁੱਲ ਅੰਕ 48

1. ਸਹੀ ਵਿਕਲਪ ਚੁਣੋਂ — 2 ਅੰਕ *6 ਪ੍ਰਸ਼ਨ= 12 ਅੰਕ
2. ਖਾਲੀ ਥਾਵਾਂ ਭਰੋ — 2 ਅੰਕ *6 ਪ੍ਰਸ਼ਨ =12 ਅੰਕ
3. ਮਿਲਾਣ ਕਰੋ — 2 ਅੰਕ *6 ਪ੍ਰਸ਼ਨ =12 ਅੰਕ
4. ਸਹੀ ਗਲਤ ਚੁਣੋ — 2 ਅੰਕ *6 ਪ੍ਰਸ਼ਨ =12 ਅੰਕ

ਭਾਗ (ਅ)

ਦੋ ਅੰਕਾਂ ਵਾਲੇ ਪ੍ਰਸ਼ਨ ਕੁੱਲ ਪ੍ਰਸ਼ਨ 3 ਕੁੱਲ ਅੰਕ 6

ਤਿੰਨ ਅੰਕਾਂ ਵਾਲੇ ਪ੍ਰਸ਼ਨ ਕੁੱਲ ਪ੍ਰਸ਼ਨ 2 ਕੁੱਲ ਅੰਕ 6

ਭਾਗ (ੲ)

ਵਿਆਕਰਨ

ਕੁੱਲ ਪ੍ਰਸ਼ਨ 6 ਕੁੱਲ ਅੰਕ 20

| | | |
|---|---|---|
| 1 | ਲਿੰਗ ਬਦਲੋ | 1 ਅੰਕ *2 ਪ੍ਰਸ਼ਨ =2 ਅੰਕ |
| 2 | ਵਚਨ ਬਦਲੋ | 1 ਅੰਕ *2 ਪ੍ਰਸ਼ਨ =2 ਅੰਕ |
| 3 | ਵਿਰੋਧੀ ਸ਼ਬਦ | 1 ਅੰਕ *2 ਪ੍ਰਸ਼ਨ =2 ਅੰਕ |
| 4 | ਸ਼ੁੱਧ ਕਰਕੇ ਲਿਖੋ | 1 ਅੰਕ *2 ਪ੍ਰਸ਼ਨ =2 ਅੰਕ |
| 5 | ਅਰਜੀ ਲਿਖੋ | 5 ਅੰਕ *1 ਪ੍ਰਸ਼ਨ =5 ਅੰਕ |
| 6 | ਲੇਖ/ ਕਹਾਣੀ ਰਚਨਾ | 7 ਅੰਕ *1 ਪ੍ਰਸ਼ਨ =7 ਅੰਕ |

## ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨ

### ਪਾਠ-2 (ਗਤਕਾ)

1)ਗਤਕਾ ਇੱਕ ਜੰਗੀ ਹੁਨਰ ਹੈ।

(ੳ) ਮਦਰਾਸੀਆਂ ਦਾ

**(ਅ) ਪੰਜਾਬੀਆਂ ਦਾ** √

(ੲ) ਕਸ਼ਮੀਰੀਆਂ ਦਾ

2) ਉਲੰਪਿਕ ਖੇਡਾਂ ਵਿੱਚ ਖੇਡੀ ਜਾਂਦੀ ਖੇਡ ਗੱਤਕਾ ਦਾ ਹੀ ਸੁਧਰਿਆ ਹੋਇਆ ਰੂਪ ਹੈ।

**(ੳ) ਫੈਂਸਿੰਗ** √

(ਅ) ਨਿਸ਼ਾਨੇਬਾਜ਼ੀ

(ੲ) ਮੁੱਕੇਬਾਜ਼ੀ

### ਪਾਠ-3 (ਬਾਰਾਂਮਾਂਹ)

1) ਜੇਠ ਮਹੀਨੇ ਵਿੱਚ ਪਾਣੀ ਸੁੱਕਦਾ ਹੈ।

(ੳ) ਸਮੁੰਦਰਾਂ ਦਾ

**(ਅ) ਖੂਹਾਂ ਦਾ** √

(ੲ) ਤਲਾਬਾਂ ਦਾ

2) ਪੋਹ ਮਹੀਨੇ ਵਿੱਚ ਪਾਲਾ ਹੁੰਦਾ ਹੈ।

(ੳ) ਰਜਾਈ ਦਾ

**(ਅ) ਖੇਸੀ ਦਾ** √

(ੲ) ਕੰਬਲਾਂ ਦਾ

**ਪਾਠ-4 (ਸ਼ਹੀਦ ਊਧਮ ਸਿੰਘ)**

1) ਊਧਮ ਸਿੰਘ ਦਾ ਮਾਤਾ ਪਿਤਾ ਦਾ ਦਿਹਾਂਤ ਹੋ ਗਿਆ ਸੀ।

(ੳ) ਜਵਾਨੀ ਵਿੱਚ

**(ਅ) ਬਚਪਨ ਵਿੱਚ** √

(ੲ) ਬੁਢਾਪੇ ਵਿੱਚ

2)ਊਧਮ ਸਿੰਘ ਨੇ ਆਪਣੀ ਅੱਖੀਂ 100 ਤੋਂ ਵੱਧ ਬੰਦਿਆਂ ਨੂੰ ਗੋਲੀਆਂ ਨਾਲ ਭੁੰਨੇ ਹੋਏ ਦੇਖਿਆ।

**(ੳ)ਪੰਜ ਸੌ** √

(ਅ)ਛੇ ਸੌ

(ੲ)ਚਾਰ ਸੌ

**ਪਾਠ-5 (ਸਿਆਣੀ ਗੱਲ)**

- ਡਾਕਟਰ ਰਾਜਿੰਦਰ ਦਾ ਬਹੁਤ ਪਿੱਛੇ ਚਲਿਆ ਗਿਆ।

  **(ੳ) ਧਿਆਨ** √

  (ਅ)ਸਕੂਟਰ

  (ੲ)ਸਾਈਕਲ

2)ਰਾਜਿੰਦਰ ਦੀ ਗੱਲ ਸੁਣਕੇ ਪਿਤਾ ਜੀ ਕਰ ਗਏ।

(ੳ) ਚੜ੍ਹਾਈ

**(ਅ) ਚੁੱਪ** √

(ੲ) ਗੁੱਸਾ

**ਪਾਠ-7 (ਸਤਰੰਗੀ ਤਿਤਲੀ)**

- ਉਹ ਤਿਤਲੀ ਨੂੰ ਫੜਨ ਦੀ ਕੋਸ਼ਿਸ਼ ਕਰ ਰਿਹਾ ਸੀ।

(ੳ) ਕਾਲੀ

**(ਅ) ਸਤਰੰਗੀ √**

(ੲ) ਪੀਲੀ

2) ਫੁੱਲਾਂ ਦੀ ਵਾਦੀ ਵਿੱਚ ਖਰਗੋਸ਼ਾਂ ਦੇ ਸਨ।

(ੳ) ਆਲ੍ਹਣੇ

**(ਅ) ਘੁਰਨੇ √**

(ੲ) ਘਰ

**ਪਾਠ-9 (ਸੁੰਢ ਤੇ ਹਲਦੀ)**

- ਰਤਾ ਕੌੜਾ ਸੁਭਾਅ ਦੀ ਸੀ।

(ੳ) ਹਲਦੀ

**(ਅ) ਸੁੰਢ √**

(ੲ) ਕਾਲੀ ਮਿਰਚ

2) ਹਲਦੀ ਨੇ ਤਰਲਾ ਕੀਤਾ।

(ੳ) ਅੰਬ ਅੱਗੇ

(ਅ) ਕਿੱਕਰ ਅੱਗੇ

**(ੲ) ਬੇਰੀ ਅੱਗੇ √**

**ਪਾਠ-11 (ਚਿੜੀ ਰੁੱਖ, ਬਿੱਲੀ ਅਤੇ ਸੱਪ)**

- ਕਿਸਾਨ ਦੇ ਵਿਹੜੇ ਵਿੱਚ ਇੱਕ ਸੀ।

(ੳ) ਮੰਜਾ

**(ਅ) ਰੁੱਖ √**

(ੲ) ਸਾਈਕਲ

2) ਤੂੰ ਮੇਰਾ ਸਾਰਾ ਪੀ ਜਾਨੀ ਐ।

(ੳ) ਪਾਣੀ

**(ਅ) ਦੁੱਧ √**

(ੲ) ਲੱਸੀ

**ਪਾਠ-12 (ਸੱਚੀ ਮਿੱਤਰਤਾ)**

- ਕੁੱਤਾ ਅਤੇ ਕੁੱਕੜ ਜੰਗਲ ਵਿੱਚ ਕੀ ਕਰਨ ਗਏ ਸਨ?

  (ੳ) ਭੋਜਨ ਦੀ ਭਾਲ ਵਿੱਚ

  **(ਅ) ਸੈਰ ਕਰਨ √**

  (ੲ) ਜਾਨਵਰਾਂ ਨੂੰ ਮਿਲਣ

2) ਆਵਾਜ਼ ਤੇਰੀ ਮਿੱਠੀ, ਮਨਮੋਹਣੀ, ਤੂੰ ਜੰਗਲ ਦਾ ਰਾਜਾ ਇਹ ਸ਼ਬਦ ਕਿਸਨੇ ਕਹੇ?

(ੳ) ਕੁੱਕੜ ਨੇ

(ਅ) ਕੁੱਤੇ ਨੇ

**(ੲ) ਲੂੰਬੜੀ ਨੇ √**

**ਪਾਠ-13 (ਫੁੱਲਕਾਰੀ ਕਲਾ)**

- ਸ਼ਗਨਾਂ ਦਾ ਕੱਪੜਾ ਕਿਹੜਾ ਹੁੰਦਾ ਹੈ?

  (ੳ) ਟੂਲ

  (ਅ) ਦਸੂਤੀ

  **(ੲ) ਸ਼ੁੱਭਰ √**

**2)** ਮਾਂ ਜੀ ਕਿਸ ਵਿੱਚੋਂ ਫੁਲਕਾਰੀ ਕੱਢਣ ਅੰਦਰ ਸਬਾਤ੍ਹ ਵੱਲ ਚਲੇ ਗਏ।

**(ੳ) ਸੰਦੂਕ**

(ਅ) ਟਰੰਕ

(ੲ) ਪੇਟੀ

## ਪਾਠ-14 (ਦਾਦੀ ਦੀ ਪੁੱਤਿਆਂ ਨੂੰ ਨਸੀਹਤ)

- ਦਾਦੀ ਨੇ ਬੱਚਿਆਂ ਨੂੰ ਕਿਸ ਦੇ ਦਰਬਾਰ ਜਾ ਕੇ ਫਤਿਹ ਬੁਲਾਉਣ ਨੂੰ ਕਿਹਾ?

  **(ੳ) ਸੂਬੇ ਦੇ √**

  (ਅ) ਵਜੀਰ ਦੇ

  (ੲ) ਰਾਜੇ ਦੇ

2) "ਨਿੱਕੀਆਂ ਜਿੰਦਾਂ ਵੱਡੇ ਸਾਕੇ ਕਿਸ ਨਾਲ ਸੰਬੰਧਿਤ ਹੈ?

(ੳ) ਵੱਡੇ ਸਾਹਿਬਜ਼ਾਦਿਆਂ ਨਾਲ

**(ਅ) ਛੋਟੇ ਸਾਹਿਬਜ਼ਾਦਿਆਂ ਨਾਲ √**

(ੲ) ਗੁਰੂ ਗੋਬਿੰਦ ਸਿੰਘ ਜੀ ਨਾਲ

## ਪਾਠ-15 (ਰੇਸ਼ਮ ਦਾ ਕੀੜਾ)

- ਰੇਸ਼ਮ ਦਾ ਕੀੜਾ ਕਿੰਨੇ ਦਿਨ ਵਿੱਚ ਤੀਜੀ ਖਲ ਵੀ ਉਤਾਰ ਦਿੰਦਾ ਹੈ?

  (ੳ) ਪੰਜ ਦਿਨ

  **(ਅ) ਪੰਦਰਾਂ ਦਿਨ √**

  (ੲ) ਸੋਲਾਂ ਦਿਨ

2) ਰੇਸ਼ਮ ਦੀ ਕੀੜੇ ਦੇ ਕਿੰਨੇ ਪੈਰ ਹੁੰਦੇ ਹਨ?

  (**ੳ) ਸੋਲਾਂ √**

  (ਅ) ਚੌਦਾਂ

  (ੲ) ਬਾਰਾਂ

## ਪਾਠ-16 (ਸਾਡਾ ਪਾਰਸ-ਸਾਡਾ ਪਾਤਸ਼ਾਹ)

- ਕੌਣ ਭੇਸ ਬਦਲ ਕੇ ਲੋਕਾਂ ਦੀ ਸਾਰ ਲੈਂਦਾ ਸੀ?

(ੳ) ਸਿਪਾਹੀ

(ਅ) ਬੁੱਢਾ ਆਦਮੀ

**(ੲ) ਮਹਾਰਾਜਾ ਰਣਜੀਤ ਸਿੰਘ √**

2) ਮਹਾਰਾਜ ਨੇ ਬੁੱਢੀ ਮਾਈ ਦਾ ਪਤੀਲਾ ਕਿਸ ਨਾਲ ਭਰ ਦਿੱਤਾ ਸੀ?

**(ੳ) ਸੋਨੇ ਦੀਆਂ ਮੋਹਰਾਂ ਨਾਲ √**

(ਅ) ਪਿੱਤਲ ਦੀਆਂ ਮੋਹਰਾਂ ਨਾਲ

(ੲ) ਚਾਂਦੀ ਦੀਆਂ ਮੋਹਰਾਂ ਨਾਲ

**ਪਾਠ-18 (ਕਹੀ ਹੱਸ ਪਈ)**

- ਕਿਹੜਾ ਰੁੱਖ ਹਰ ਸਾਲ ਕਣਕ ਅਤੇ ਝੋਨੇ ਦੀ ਵਢਾਈ ਸਮੇਂ ਕਿਸਾਨ ਦੀ ਕੰਬਾਇਨ ਨੂੰ ਅੜਿੱਕਾ ਲਾਉਂਦਾ ਸੀ?

(ੳ) ਕਿੱਕਰ

**(ਅ) ਨਿੰਮ √**

(ੲ) ਅੰਬ

2) ਨਿੰਮ ਨੂੰ ਵੱਢਣ ਲਈ ਕਹੀ ਕਿਸਨੇ ਚੁੱਕੀ?

**(ੳ) ਸੋਹਣ ਸਿੰਘ √**

(ਅ) ਦਲੀਪ ਸਿੰਘ

(ੲ) ਅਮਰੀਕ ਸਿੰਘ

3) ਬਸੰਤ ਸਿਉਂ ਨੇ ਖੇਤ ਵਿੱਚ ਕਿੰਨੇ ਰੁੱਖ ਲਾਏ ਸਨ?

(ੳ) ਦੱਸ

(ਅ) ਚਾਰ

**(ੲ) ਪੰਜ √**

**ਪਾਠ-19 (ਪੁਲਾੜ ਯਾਤਰੀ ਕਲਪਨਾ ਚਾਵਲਾ)**

- ਕਲਪਨਾ ਚਾਵਲਾ ਦਾ ਜਨਮ ਕਦੋਂ ਹੋਇਆ?

(ੳ) 1988

(ਅ) 1990

**(ੲ) 1961 √**

2) ਕਲਪਨਾ ਚਾਵਲਾ ਨੇ ਕਿਸ ਵਿਸ਼ੇ ਵਿੱਚ ਇੰਜਨੀਅਰਿੰਗ ਕੀਤੀ?

**(ੳ) ਜਹਾਜ਼ਰਾਨੀ √**

(ਅ) ਸਿਵਲ

(ੲ) ਮਕੈਨੀਕਲ

3) ਕਲਪਨਾ ਚਾਵਲਾ ਨੇ ਧਰਤੀ ਦੁਆਲੇ ਕਿੰਨੇ ਚੱਕਰ ਕੱਟੇ?

(ੳ) 250

**(ਅ) 252 √**

(ੲ) 245

**ਪਾਠ-21 (ਅਸਲੀ ਸਿੱਖਿਆ)**

- ਸਵੇਰ ਤੋਂ ਕੀ ਪੈ ਰਿਹਾ ਸੀ?

  (ੳ) ਬਰਫ਼

  **(ਅ) ਮੀਂਹ √**

  (ੲ) ਗਰਮੀ

2) ਦੁੱਧ ਵਾਲੇ ਢੋਲ ਕਿਸ ਉੱਤੇ ਲੱਦੇ ਹੋਏ ਸਨ?

**(ੳ) ਸਾਈਕਲ ਤੇ √**

(ਅ) ਸਕੂਟਰ ਤੇ

(ੲ) ਟੈਂਪੂ ਤੇ

3) ਠੀਕ ਢੰਗ ਨਾਲ ਪੜ੍ਹਕੇ ਕਿਹੜੀ ਨਦੀ ਪਾਰ ਕੀਤੀ ਜਾ ਸਕਦੀ ਹੈ?

**(ੳ) ਜ਼ਿੰਦਗੀ √**

(ਅ) ਪਾਣੀ

(ੲ) ਦੁੱਖਾਂ

**ਸਹੀ/ਗਲਤ**

- ਗਤਕਾ ਪੰਜਾਬੀਆਂ ਦਾ ਇੱਕ ਨਾਚ ਹੈ। (X)
- ਜਪਾਨ ਦੀ ਖੇਡ ਕਰਾਟੇ ਸ੍ਵੈ-ਰੱਖਿਆ ਵਾਲੀ ਖੇਡ ਗਿਣੀ ਜਾਂਦੀ ਹੈ। (√)
- ਗਤਕਾ ਗਦਾ-ਯੁੱਧ ਦੀ ਸਿੱਖਿਆ ਦਾ ਪਹਿਲਾ ਪੜਾਅ ਹੈ। (√)

4) ਸ਼ਹੀਦ ਊਧਮ ਸਿੰਗ ਦੇ ਮਾਤਾ-ਪਿਤਾ ਦਾ ਉਸਦੇ ਬਚਪਨ ਵਿੱਚ ਹੀ ਦੇਹਾਂਤ ਹੋ ਗਿਆ। (√)

5) ਸ਼ਹੀਦ ਭਗਤ ਸਿੰਘ ਅੰਮ੍ਰਿਤਸਰ ਦੇ ਖਾਲਸਾ ਯਤੀਮਖਾਨੇ ਵਿੱਚ ਪਲਿਆ। (X)

6)ਊਧਮ ਸਿੰਘ ਦੇ ਮਨ ਉੱਤੇ ਬਜ-ਬਜ ਘਾਟ ਦੇ ਖ਼ੂਨੀ ਸਾਕੇ ਦਾ ਡੂੰਘਾ ਅਸਰ ਪਿਆ। (X)

7) ਡਾ. ਰਾਜਿੰਦਰ ਸਟੂਲ ਉੱਤੇ ਬੈਠਾ ਇੱਕ ਟਕ ਕੁੰਦਨ ਵੱਲ ਵੇਖ ਰਿਹਾ ਸੀ। (X)

8)ਡਾ. ਰਾਜਿੰਦਰ ਦੇ ਪਿਤਾ ਨੇ ਉਸ ਨੂੰ ਪਹਿਲਾਂ ਪੜ੍ਹਾਈ ਮੁਕਾਉਣ ਲਈ ਕਿਹਾ। (√)

9)ਮਨ ਦੀ ਉਲਝਣ ਕਦੇ ਕਿਸੇ ਨੂੰ ਨਾ ਦੱਸੋ। (X)

10)ਡੱਬਾ ਖਰਗੋਸ਼ ਸ਼ਰਾਰਤੀ ਰੌਂਅ ਵਿੱਚ ਨਹੀਂ ਸੀ। (X)

11)ਤੂੰ ਸਾਡੀਆਂ ਟਹਿਣੀਆਂ ਭੰਨ ਰਿਹਾ ਹੈ। (√)

12)ਤਿੱਤਲੀ ਵੱਡੀ ਸੀ। (X)

13)ਤਿੱਤਲੀ ਨੇ ਲੰਮਾ ਸਾਹ ਭਰਿਆ। (√)

14)ਹਲਦੀ ਤੇ ਸੁੰਢ ਦੀ ਮਾਂ ਕਾਲੀ ਮਿਰਚ ਸੀ। (√)

15)ਹਲਦੀ ਪੱਥਰ ਢੋਅ ਕੇ ਦਰਿਆ ਉੱਤੇ ਪੁੱਲ ਬਣਾਉਣ ਲੱਗੀ (√)

16)ਨਾਨੀ ਨੂੰ ਹਲਦੀ ਨੂੰ ਖੋਏ ਦੀ ਮਠਿਆਈ ਦਿੱਤੀ। (X)

17)ਕਿਸਾਨ ਤੇ ਉਸਦੀ ਘਰ ਵਾਲੀ ਖੇਤਾਂ ਵਿੱਚ ਘਰ ਬਣਾ ਕੇ ਰਹਿੰਦੇ ਸਨ। (√)

18) ਬਿੱਲੀ ਤੇ ਚਿੜ੍ਹੀ ਦੁਸ਼ਮਣਾਂ ਵਾਂਗ ਰਹਿੰਦੇ ਸਨ। (X)

19) ਬਿੱਲੀ ਚੌਲ ਖਾ ਜਾਂਦੀ ਸੀ। (X)

20) ਪਿੰਡ ਦੀਆਂ ਔਰਤਾਂ ਫੁਲਕਾਰੀਆਂ ਵੇਚ ਦਿੰਦੀਆਂ ਹਨ। (X)

21) ਬਾਗ ਦੀ ਕਢਾਈ ਇੰਨੀ ਸੰਘਣੀ ਹੁੰਦੀ ਹੈ ਕਿ ਕੱਪੜਾ ਕਿਧਰੇ ਦਿਸਦਾ ਨਹੀਂ। (√)

22) ਘੁੰਗਟ ਬਾਗ ਵਿੱਚ ਤ੍ਰਿਕੋਣੀ ਸ਼ਕਲ ਵਿੱਚ ਕਢਾਈ ਕੀਤੀ ਹੁੰਦੀ ਹੈ। (√)

23) ਰੇਸ਼ਮੀ ਕੱਪੜਾ ਉੱਨ ਤੋਂ ਬਣਦਾ ਹੈ। (X)

24) ਰੇਸ਼ਮੀ ਕੱਪੜੇ ਬਣਾਉਣ ਦਾ ਕੰਮ ਰੇਸ਼ਮ ਦਾ ਕੀੜਾ ਕਰਦਾ ਹੈ। (√)

25) ਸਭ ਤੋਂ ਪਹਿਲਾਂ ਰੇਸ਼ਮੀ ਕੱਪੜਾ ਬਣਾਉਣ ਦਾ ਪਤਾ ਭਾਰਤੀ ਲੋਕਾਂ ਨੂੰ ਲੱਗਿਆ। (X)

26) ਬੱਚੇ ਮਹਾਰਾਜ ਨੂੰ ਢੀਮਾਂ ਮਾਰ ਰਹੇ ਸਨ। (X)

27) ਮਹਾਰਾਜ ਨੇ ਬੱਚੇ ਦੀ ਝੋਲੀ ਮੋਹਰਾਂ ਨਾਲ ਭਰ ਦਿੱਤੀ। (√)

28) ਮਹਾਰਾਜ ਨੇ ਬੁੱਢੀ ਦੇ ਪਤੀਲੇ ਵਿੱਚ ਬੇਰ ਪਾ ਦਿੱਤੇ। (X)

29) ਗਤਕੇ ਦਾ ਡੰਡਾ ਢਾਈ ਫੁੱਟ ਲੰਬਾ ਹੁੰਦਾ ਹੈ। (X)

30)ਪੰਜਾਬ ਦੀ ਭੂਗੋਲਿਕ ਸਥਿਤੀ ਖਾਸ ਨਹੀਂ। (X)

31)ਸ਼ਹੀਦ ਊਧਮ ਸਿੰਘ ਨੂੰ ਫਾਂਸੀ ਦੀ ਸਜ਼ਾ ਹੋ ਗਈ। (√)

32) ਰਾਜਿੰਦਰ ਨੂੰ ਬਚਪਨ ਦੀ ਯਾਦ ਆ ਗਈ। (√)

33) ਰਾਜਿੰਦਰ ਨੇ ਸਾਰੀ ਉਮਰ ਸਕੂਟਰ ਨੂੰ ਹੱਥ ਨਾ ਲਾਇਆ। (X)

34) ਤਿੱਤਲੀ ਨੇ ਲੰਮਾ ਸਾਹ ਭਰਿਆ। (√)

35) ਖਰਗੋਸ਼ ਹੰਕਾਰ ਵਿੱਚ ਸੀ। (√)

36) ਹਲਦੀ ਆਪਣੇ ਨਾਨਕੇ ਪਿੰਡ ਲੂਣਪੁਰ ਪਹੁੰਚੀ। (√)

37) ਹਲਦੀ ਨੇ ਬੇਰੀ ਨੂੰ ਜ਼ੋਰ ਦੀ ਹਲੂਣਾ ਦਿੱਤਾ। (X)

38) ਚੂਹਾ ਕਿਰਸਾਨ ਦਾ ਦੁਸ਼ਮਣ ਹੈ। (√)

39) ਸਾਰੇ ਸੱਪ ਜ਼ਹਿਰੀਲੇ ਨਹੀਂ ਹੁੰਦੇ। (√)

40) ਚੋਪ ਵਿਆਹ ਦੀ ਫੁੱਲਕਾਰੀ ਨਹੀਂ। (X)

41) ਤਿਲ-ਪੱਤਰੇ ਦੀ ਕਢਾਈ ਸਿੱਧੀ ਜਿਹੀ ਹੁੰਦੀ ਹੈ। (√)

42) ਅੱਜਕੱਲ੍ਹ ਰੇਸ਼ਮ ਪੈਦਾ ਕਰਨਾ ਉਦਯੋਗ ਬਣ ਗਿਆ ਹੈ। (√)

43) ਮਹਾਰਾਜ ਸਿੰਘ ਭੇਸ ਬਦਲ ਕੇ ਲੋਕਾਂ ਦੀ ਸਾਰ ਲੈਂਦਾ ਸੀ। (√)

44) ਨਿੰਮ, ਕਣਕ ਅਤੇ ਝੋਨੇ ਦੀ ਵਢਾਈ ਵੇਲੇ ਅੜਿੱਕਾ ਲਾਉਂਦੀ ਸੀ। (√)

45) ਕੁਹਾੜੇ ਨੇ ਨਿੰਮ ਵੱਢਣ ਤੋਂ ਇਨਕਾਰ ਕਰ ਦਿੱਤਾ। (√)

46) ਸੋਹਣ ਨੇ ਆਪਣਾ ਜਨਮ ਦਿਨ ਰੁੱਖ ਲਗਾ ਕੇ ਮਨਾਉਣ ਦਾ ਫੈਸਲਾ ਕੀਤਾ। (√)

47) ਕਲਪਨਾ ਚਾਵਲਾ ਦਾ ਜਨਮ 1961 ਵਿੱਚ ਹੋਇਆ। (√)

48) ਕਲਪਨਾ ਚਾਵਲਾ ਨੇ ਜ਼ਹਾਜਰਾਨੀ ਵਿੱਚ ਇੰਜਨੀਅਰਿੰਗ ਕੀਤੀ। (√)

49) ਕਲਪਨਾ ਚਾਵਲਾ ਭਾਰਤ ਵਿੱਚ ਹੀ ਰਹੀ। (X)

50) ਕਲਪਨਾ ਚਾਵਲਾ ਨੇ ਪਹਿਲੀ ਵਾਰੀ ਧਰਤੀ ਦੁਆਲੇ 252 ਚੱਕਰ ਕੱਟੇ। (√)

51) ਜਿੰਨਾ ਸਵਾਰੀਆਂ ਨੇ ਬੱਸ ਲੈਣੀ ਹੁੰਦੀ ਹੈ ਉਨ੍ਹਾਂ ਨੂੰ ਨਦੀ ਪਾਰ ਕਰਨੀ ਪੈਂਦੀ ਹੈ। (√)

52) ਨਦੀ ਪਾਰ ਕਰ ਰਹੇ ਲੋਕਾਂ ਨੇ ਇੱਕ ਦੂਜੇ ਹੱਥ ਫੜੇ ਹੋਏ ਸਨ। (√)

53) ਮਨਜੀਤ ਭੈਣਜੀ ਦਾ ਹੱਥ ਸ਼ਾਰਦਾ ਭੈਣਜੀ ਦੇ ਹੱਥੋਂ ਛੁਟ ਗਿਆ ਸੀ। (X)

54) ਸਾਰਿਆਂ ਨੇ ਸ਼ਾਰਦਾ ਭੈਣਜੀ ਦੇ ਸਨਮਾਨ ਵਿੱਚ ਤਾੜੀਆਂ ਮਾਰੀਆਂ। (X)

55) ਸ਼ਾਰਦਾ ਭੈਣਜੀ ਨੇ ਹਰਦੀਪ ਨੂੰ ਨਕਲ ਕਰ ਲੈਣ ਦਿੱਤੀ। (X)

56) ਹਰਦੀਪ ਨੂੰ ਲੱਗਾ ਕਿ ਸ਼ਾਰਦਾ ਭੈਣਜੀ ਸੌ ਫੀਸਦੀ ਸੱਚ ਆਖ ਰਹੇ ਸਨ। (√)

# ਮਿਲਾਨ ਕਰੋ

**ਪਾਠ-1 (ਮੇਰਾ ਹਿੰਦੁਸਤਾਨ)**

| | |
|---|---|
| • ਲੱਦੇ | ਅਸ਼ੀਰਵਾਦ (2) |
| • ਵਰਦਾਨ | ਭਰੇ (1) |
| • ਢਾਣੀ | ਟੋਲੀ (3) |

**ਪਾਠ-2 (ਗੱਤਕਾ)**

| | |
|---|---|
| 1)ਜੌਹਰ | ਇਤਿਹਾਸ (3) |
| 2)ਨੇਕ | ਕਮਾਲ (1) |
| 3)ਪਿਛੋਕੜ | ਚੰਗਾ (2) |

**ਪਾਠ-3 (ਬਾਰਾਂਮਾਹਾ)**

| | |
|---|---|
| 1)ਪਹਿਰ | ਅਨੋਖਾ (2) |
| 2)ਨਿਰਾਲਾ | ਬਾਰਾਂ ਮਹੀਨੇ (3) |
| 3)ਬਾਰਾਂਮਾਹਾ | ਦਿਨ ਦਾ ਅੱਠਵਾਂ ਹਿੱਸਾ (1) |

**ਪਾਠ-4 (ਸ਼ਹੀਦ ਊਧਮ ਸਿੰਘ)**

| | |
|---|---|
| **1)**ਦੇਹਾਂਤ | ਵਾਧਾ ਹੋਣਾ (2) |
| 2)ਤਰੱਕੀ | ਬਹਾਦਰ (3) |
| 3)ਸੂਰਮੇ | ਮੌਤ (1) |

**ਪਾਠ-5 (ਸਿਆਣੀ ਗੱਲ)**

| | |
|---|---|
| 1)ਜੋਸ਼ | ਦੁਚਿੱਤੀ (3) |
| 2)ਜਾਇਜ਼ | ਉਚਿੱਤ (2) |
| 3)ਉਲਝਣ | ਉਤਸ਼ਾਹ (1) |

**ਪਾਠ-6 (ਆਓ ਰਲ ਮਿਲ ਰੁੱਖ ਲਗਾਈਏ)**

| | | |
|---|---|---|
| **1)**ਖ਼ੈਰ | ਸਾਫ਼ | (2) |
| 2)ਸ਼ੁੱਧ | ਭਲਾ | (1) |
| **3)** ਭੌਂ–ਖੋਰ | ਮਿੱਟੀ ਦਾ ਖੁਰਨਾ | (3) |

**ਪਾਠ**–7 (**ਸਤਰੰਗੀ ਤਿੱਤਲੀ**)

| | | |
|---|---|---|
| • ਸ਼ਰਾਰਤੀ ਰੌਂ | ਚਾਂਭਲਨਾ | (1) |
| • ਅਪਣੱਤ | ਹੰਕਾਰ | (3) |
| • ਹਉਮੈਂ | ਆਪਣਾਪਣ | (2) |

**ਪਾਠ-8 (ਚਿੜੀਆ ਘਰ)**

| | | |
|---|---|---|
| • ਅਨੰਦ | ਤਲਾਅ | (3) |
| • ਚੁੰਗੀਆਂ | ਖੁਸ਼ੀ | (1) |
| • ਛੰਭ | ਹਿਰਨਾਂ ਦਾ ਛਲਾਂਗਾ ਮਾਰਨਾ | (2) |

**ਪਾਠ-9 (ਸੁੰਢ ਤੇ ਹਲਦੀ)**

| | | |
|---|---|---|
| • ਪੈਂਡਾ | ਅਸ਼ੀਰਵਾਦ | (3) |
| • ਮੋਹ | ਪਿਆਰ | (2) |
| • ਅਸੀਸ | ਰਾਹ | (1) |

**ਪਾਠ-10 (ਬੋਲੀ ਹੈ ਪੰਜਾਬੀ ਸਾਡੀ)**

| | | |
|---|---|---|
| • ਵੰਝਲੀ | ਜਾਨ | (2) |
| • ਜਿੰਦ | ਯੁੱਧ | (3) |
| • ਜੰਗ | ਬੰਸਰੀ | (1) |

**ਪਾਠ-11 (ਚਿੜੀ, ਰੁੱਖ, ਬਿੱਲੀ ਤੇ ਸੱਪ)**

| | | |
|---|---|---|
| • ਟੱਬਰ | ਧੰਨਵਾਦ | (3) |

- ਪੈਲੀਆਂ ਖੇਤ (2)
- ਸ਼ੁਕਰਾਨਾ ਪਰਿਵਾਰ (1)

**ਪਾਠ-12 (ਸੱਚੀ ਮਿੱਤਰਤਾ)**

1)ਮੁਹਾਲ ਮਿੱਤਰ (3)

2) ਸੁੱਲਖਣੀ ਔਖਾ (1)

3) ਆੜੀ ਭਾਗਾਂ ਵਾਲੀ (2)

**ਪਾਠ-13 (ਫੁੱਲਕਾਰੀ ਕਲਾ)**

- ਵਿਸਾਰ ਔਖਾ (2)
- ਗੁੰਝਲਦਾਰ ਭੁਲਾ (1)
- ਤੋਪਾ ਟਾਂਕਾ (3)

**ਪਾਠ- 14 (ਦਾਦੀ ਦੀ ਪੋਤਿਆਂ ਨੂੰ ਨਸੀਹਤ)**

- ਜ਼ਜਬਾ ਪਾਣੀ (3)
- ਆਨ-ਸ਼ਾਨ ਮਾਣ-ਮਰਿਆਦਾ (2)
- ਨੀਰ ਇੱਛਾ (1)

**ਪਾਠ-15 (ਰੇਸ਼ਮ ਦਾ ਕੀੜਾ)**

- ਸੁਰਾਖ ਛੇਕ (1)
- ਖੱਲ ਕਾਰਖਾਨਾ (3)
- ਉਦਯੋਗ ਸਰੀਰ (2)

**ਪਾਠ-16 (ਸਾਡਾ ਪਾਰਸ-ਸਾਡਾ ਪਾਤਸ਼ਾਹ)**

- ਮੋਹਰਾਂ ਪੰਡ ਚੁੱਕਣ ਵਾਲਾ (2)
- ਪਾਂਡੀ ਪਸੀਨਾ (3)
- ਮੁੜ੍ਹਕਾ ਸਿੱਕੇ (1)

**ਪਾਠ-17 (ਹਿੰਦ ਵਾਸੀਆਂ ਨੂੰ ਅੰਤਿਮ ਸੰਦੇਸ਼)**

- ਕੌਮ ਦੇਸ਼ (2)
- ਵਤਨ ਰਾਸ਼ਟਰ (1)

- ਧ੍ਰੋਹ ਧੋਖਾ (3)

**ਪਾਠ-18(ਕਹੀ ਹੱਸ ਪਈ)**

1)ਧੀਰਜ ਡਰਪੋਕ ਜਿਹਾ (3)

2) ਅੜਿੱਕਾ ਰੋਕ (2)

3) ਡਰਾਕਲਾ ਹੌਸਲਾ (1)

**ਪਾਠ-19 (ਪੁਲਾੜ ਯਾਤਰੀ ਕਲਪਨਾ ਚਾਵਲਾ)**

- ਨਿਮਨਲਿਖਤ ਪੁਲਾੜ ਵਿੱਚ ਲੈਕੇ ਜਾਣ ਵਾਲਾ ਵਾਹਨ(3)
- ਖਾਦ ਪਦਾਰਥ ਹੇਠਾਂ ਲਿਖੇ (1)
- ਸਪੇਸ-ਸ਼ਟਲ ਖਾਣ ਵਾਲੇ ਪਦਾਰਥ (2)

**ਪਾਠ-20 (ਸਾਰਾਗੜ੍ਹੀ ਦੀ ਲੜਾਈ)**

1)ਵਿਉਂਤ ਸੀਮਾ (3)

2)ਗੜ੍ਹੀ ਕਿਲ੍ਹਾ (2)

3)ਹੱਦ ਤਰਕੀਬ (1)

**ਪਾਠ-21 (ਅਸਲੀ ਸਿੱਖਿਆ)**

1)ਠਰ੍ਹੰਮੇ ਨਾਲ ਬੱਚਿਆਂ (2)

2)ਬਾਲਾਂ ਖਤਰਨਾਕ (3)

3)ਮਾਰੂ ਧੀਰਜ ਨਾਲ (1)

# ਖਾਲੀ ਥਾਵਾਂ ਭਰੋ

- ਇਸਦੇ ਚਸ਼ਮਿਆਂ ਵਿੱਚੋਂ ਫੁਟਦਾ ——— ਰੰਗਾ ਪਾਣੀ। (**<u>ਚਾਂਦੀ</u>,**ਸੋਨਾ)
- ਇਹ ਮਿੱਟੀ ਤਾਂ ——— ਹੁੰਦੀ ਹੈ, ਆਖਣ ਲੋਕ ਸਿਆਣੇ। (ਭੈਣ,**<u>ਮਾਂ</u>**)
- ਉੱਚੇ ਪਰਬਤ ——— ਲੱਦੇ। (ਮਿੱਟੀ,**<u>ਬਰਫਾਂ)</u>**
- ਖੇਡ ਸਿਖਲਾਈ ਦੇ ——— ਦੌਰ ਵਿੱਚ ਜੁੱਸੇ ਗਰਮਾਏ ਜਾਂਦੇ ਹਨ। (**<u>ਅਮਲੀ</u>**, ਅਖੀਰਲੇ)
- ਮੁਕਾਬਲੇ ਇਕੱਲੇ ਇਕੱਲੇ ਦੇ ਵੀ ਹੁੰਦੇ ਹਨ ਅਤੇ ——— ਵਿਚਕਾਰ ਵੀ। (**<u>ਟੋਲੀਆਂ</u>**,ਇਕੱਠ)
- ਨਿਹੰਗ ਸਿੰਘਾਂ ਦੀ ਇਹ ——— ਖੇਡ ਹੈ। (**<u>ਹਰਮਨ ਪਿਆਰੀ</u>**, ਨਾ-ਪਸੰਦ)
- ——— ਮਹੀਨਾ ਤਪਦਾ ਹੈ, ਸਾਨੂੰ ਅੰਦਰੇ ਰੱਖਦਾ ਹੈ। (ਚੇਤ,**<u>ਹਾੜ੍ਹ</u>**)
- ਭਾਦੋਂ ——— ਕਹਿਰ ਦੀਆਂ, ਲੜੀਆਂ ਕਈ-ਕਈ ਪਹਿਰ ਦੀਆਂ। (ਛਾਵਾਂ, **<u>ਧੁੱਪਾਂ</u>**)
- ——— ਨੂੰ ਗਲ ਲਾਉਂਦੇ ਹਾਂ, ਕੋਟ ਸਵੈਟਰ ਪਾਉਂਦੇ ਹਾਂ (**<u>ਫੱਗਣ</u>**, ਮੱਘਰ)
- ——— ਨੂੰ ਮਾਰ ਕੇ ਊਧਮ ਸਿੰਘ ਆਪਣੇ ਬਚਾਅ ਲਈ ਭੱਜਿਆ ਨਹੀਂ। (ਸਾਂਡਰਸ, **<u>ਓਡਵਾਇਰ</u>**)
- ਉਹ ਉਥੇ ਹੀ ——— ਖੜ੍ਹਿਆ ਰਿਹਾ। (**<u>ਡਟਿਆ</u>**, ਡਰਿਆ)
- ਜੇ ਉਹ ਚਾਹੁੰਦਾ ਤਾਂ ਹੋਰ ——— ਨੂੰ ਮਾਰ ਕੇ ਉੱਥੋਂ ਭੱਜ ਸਕਦਾ ਸੀ। (ਭਾਰਤੀਆਂ, **<u>ਅੰਗਰੇਜਾਂ</u>**)
- ਰਾਜਿੰਦਰ ਦੀ ਨਜਰ ——— ਉੱਪਰ ਟਿਕੀ ਹੋਈ ਸੀ। (**<u>ਕੁੰਦਨ</u>**,ਸਕੂਟਰ)
- ਇੱਕ ਦਿਨ ਕੁੰਦਨ ਸਕੂਟਰ ਉੱਤੇ ਆਇਆ, ਤਾਂ ਰਾਜਿੰਦਰ ——— ਹੋ ਗਿਆ। (ਖੁਸ਼,**<u>ਹੈਰਾਨ</u>**)
- ਉੱਚੀ ——— ਪ੍ਰਾਪਤ ਕਰਕੇ, ਕੋਈ ਕੰਮ ਤੋਂ ਹੋਰ ਵੀ ਵਧੀਆ ਕਰ ਸਕਦਾ ਹੈ। (ਪਦਵੀ,**<u>ਵਿੱਦਿਆ</u>**)
- ਵੱਧ ਤੋਂ ਵੱਧ ——— ਲਾ ਕੇ ਹਰ ਥਾਂ ਹਰਾ ਭਰਾ ਪੰਜਾਬ ਬਣਾਈਏ। (ਪੱਖਾ, **<u>ਰੁੱਖ</u>**)
- ਰੁੱਖਾਂ ਤੋਂ ——— ਮਿਲਦੇ ਸੁੱਖ (ਇੱਕ,**<u>ਸੌ</u>**)
- ਚਾਰ-ਚੁਫੇਰੇ ——— ਵੰਡਣ। (**<u>ਮਹਿਕਾਂ</u>**,ਦੁਰਗੰਧ)
- ਡੱਬੇ ਖਰਗੋਸ਼ ਦੀ ਆਵਾਜ ਵਿੱਚ ——— ਸੀ (**<u>ਖੁਸ਼ੀ</u>**,ਬੇਵਸੀ)
- ਅਸੀਂ ਤਾਂ ——— ਦੋਸਤ ਹਾਂ। (ਇੱਕ ਦੇ, **<u>ਸਭ ਦੇ</u>**)
- ਫੁੱਲਾਂ ਦੀ ਵਾਦੀ ਵਿੱਚ ਖਰਗੋਸ਼ਾਂ ਦੇ ——— ਸਨ। (ਆਲ੍ਹਣੇ,**<u>ਘੁਰਨੇ</u>**)
- ——— ਤੇ ਬਘੇਲਾ ਵੇਖ ਡਰ ਜਾਈਦਾ। (ਸ਼ੇਰ,**<u>ਬਾਘ</u>**)
- ਰੁੱਖਾਂ ਵਿੱਚ ਸ਼ੇਰ ——— ਪਿੰਜਰੇ 'ਚ' ਬੰਦ (ਬਾਂਦਰ,**<u>ਬੰਦਾ</u>**)
- ਮਗਰਮੱਛ ਵੇਖੋ ——— ਧੁੱਪ ਸੇਕਦਾ। (ਗਰਮ,**<u>ਕੋਸੀ</u>**)
- ਸੁੰਢ ਤੇ ——— ਦੋਵੇਂ ਸਕੀਆਂ ਭੈਣਾਂ ਸਨ। (ਕਾਲੀ ਮਿਰਚ, **<u>ਹਲਦੀ</u>**)
- ਮਾਂ-ਮਾਂ ਮੈਂ ਆਪਣੇ ———ਘਰ ਜਾਣਾ। (ਦਾਦਕੇ,**<u>ਨਾਨਕੇ</u>**)
- ਤੂੰ ਜੇ ——— ਭੁੱਲ ਗਈ ਤਾਂ ਫੇਰ ਕੀ ਕਰੇਗੀ। (ਮਕਾਨ,**<u>ਰਾਹ</u>**)
- ਇੱਕ ਕਿਰਸਾਣ ਅਤੇ ਉਸਦੀ ਘਰਵਾਲੀ ਜੀਤੋਂ ਆਪਣੇ ਖੇਤਾਂ ਵਿੱਚ ——— ਬਣਾ ਕੇ ਰਹਿੰਦੇ ਸਨ। (ਮਨ੍ਹਾ,**<u>ਘਰ</u>**)
- ਉਹਨਾਂ ਦੇ ਵਿਹੜੇ ਵਿੱਚ ਇੱਕ ——— ਸੀ। (ਟਰੈਕਟਰ,**<u>ਰੁੱਖ</u>**)
- ਚਿੜੀ ਨੇ ਇੱਕ ——— ਰੁੱਖ ਵੱਲ ਆਉਂਦਾ ਵੇਖਿਆ। (ਬੰਦਾ,**<u>ਸੱਪ</u>**)
- ਹੁਣ ਤਾਂ ——— ਉਂਈ ਮਨੋ ਵਿਸਾਰ ਦਿੱਤੀਆਂ ਲੋਕਾਂ ਨੇ। (**<u>ਫੁੱਲਕਾਰੀਆਂ</u>**,ਬੋਲੀਆਂ)
- ਮੇਰੇ ਕੋਲ ਸੁੱਖੀ-ਸਾਂਦੀ ਬਥੇਰੀਆਂ ———ਨੇ। (ਮੱਝਾਂ,**<u>ਫੁਲਕਾਰੀਆਂ</u>**)

- ਮਾਂ ਜੀ ——— ਵਿੱਚੋਂ ਫੁਲਕਾਰੀ ਕੱਢਣ ਅੰਦਰ ਸਬ੍ਹਾਤ ਵੱਲ ਚਲੇ ਗਏ। (**<u>ਸੰਦੂਕ</u>**,ਟਰੰਕ)
- ਸਾਰੀਆਂ ਤਾਰਾਂ ਕੱਢ ਲੈਣ ਬਾਅਦ ਇਹ ——— ਹੋ ਜਾਂਦਾ ਹੈ। (**<u>ਬੇਹੋਸ਼</u>**, ਮਸਤ)
- ਵਿਚਾਰਾ ——— ਹੋਸ਼ ਵਿੱਚ ਆਉਣ ਤੋਂ ਪਹਿਲਾਂ ਹੀ ਮਰ ਜਾਂਦਾ ਹੈ। (ਕਾਢ੍ਹਾ,**<u>ਕੀੜਾ</u>**)
- ਹੈਂ ਤੇਰਾ ———ਤਾਂ ਨਹੀਂ ਫਿਰ ਗਿਆ। (**<u>ਦਿਮਾਗ</u>**, ਮੂੰਹ)
- ਹੈਂ ਮੇਰਾ ——— ਮੋਹਰਾਂ ਨਾਲ ਭਰ ਗਿਆ। (ਬੈਂਗ,**<u>ਪਤੀਲਾ</u>**)
- ਲੋਕਾਂ ਵਿੱਚ ਐਲਾਨ ਕਰ ਦਿਓ ਕਿ ਸਭ ਗਰੀਬ-ਗੁਰਬੇ ਮੋਦੀ ਖਾਨੇ ਤੋਂ ਲੋੜ ਅਨੁਸਾਰ ——— ਲੈ ਲੈਣ। (ਖੰਡ,**<u>ਕਣਕ</u>**)
- ਮੈਂ ਹੁਣ ——— ਨਹੀਂ ਵੱਢ ਸਕਦਾ। (**<u>ਰੁੱਖ</u>**,ਕਣਕ)
- ਇਹ ਨਿੰਮ ਦਾ ਰੁੱਖ ਹਰ ਸਾਲ ਕਣਕ ਅਤੇ ਝੋਨੇ ਦੀ ਵਢਾਈ ਵੇਲੇ ਉਸਦੀ ਕੰਬਾਇਨ ਨੂੰ ——— ਲਾਉਂਦਾ ਸੀ। (ਰਗੜ੍ਹਾਂ,**<u>ਅੜਿੱਕਾ</u>**)
- ਧਾਰ ਤਾਂ ਮੇਰੀ ਬੜੀ ——— ਹੈ। (ਸਿੱਧੀ,**<u>ਤੇਜ਼</u>**)
- ਕਲਪਨਾ ਚਾਵਲਾ ਛੋਟੀ ਉਮਰ ਵਿੱਚ ਹੀ ਇੱਕ ——— ਯਾਤਰੀ ਦੇ ਰੂਪ ਵਿੱਚ ਪ੍ਰਸਿੱਧ ਹੋ ਗਈ। (ਰੇਲ, **<u>ਪੁਲਾੜ</u>**)
- ਕਲਪਨਾ ਚਾਵਲਾ ਦਾ ਜਨਮ ——— ਵਿੱਚ ਹੋਇਆ। (**<u>1961</u>**,1975)
- ਕਲਪਨਾ ਚਾਵਲਾ ਨੇ ਪਹਿਲੀ ਵਾਰੀ ਧਰਤੀ ਦੁਆਲੇ ——— ਚੱਕਰ ਕੱਟੇ। (**<u>252</u>**,352)
- ਭਾਰਤ ਉੱਤੇ ——— ਦਾ ਰਾਜ ਸੀ ਜਦ ਅਫਗਾਨਿਸਤਾਨ ਤੱਕ ਹੱਦ ਵਧਾਈ ਹੈਸੀ। (**<u>ਅੰਗਰੇਜ਼ਾਂ</u>**, ਮੁਗਲਾਂ ਦਾ)
- ਇਸ ਹੱਦ ਦੀ ਰੱਖਿਆ ਕਰਨ ਖਾਤਰ ——— ਇੱਕ ਚੌਂਕੀ ਬਣਾਈ ਹੈਸੀ। (ਕਾਰਗਿਲ,**<u>ਸਾਰਾਗੜ੍ਹੀ</u>**)
- ਇਸ ਚੌਂਕੀ ਉੱਤੇ ——— ਸਨ ਸਿੱਖ ਸੈਨਿਕ। (**<u>ਇੱਕੀ</u>**, ਪੱਚੀ)
- ਸਵੇਰ ਤੋਂ ——— ਪੈ ਰਿਹਾ ਸੀ। (ਪਾਲਾ,**<u>ਮੀਂਹ</u>**)
- ਪਾਣੀ ਦਾ ਵਹਾਅ ——— ਸੀ। (**<u>ਤੇਜ਼</u>**,ਹੌਲੀ)
- ਕਿਸੇ ਨੇ ——— ਦੇ ਕੈਰੀਅਰ ਉੱਤੇ ਦੁੱਧ ਵਾਲਾ ਢੋਲ ਲੱਦੇ ਹੋਏ ਸਨ। (ਰੇੜ੍ਹਾ,**<u>ਸਾਈਕਲ</u>**)

## 2 ਨੰਬਰਾਂ ਵਾਲੇ ਪ੍ਰਸ਼ਨ

ਪ੍ਰਸ਼ਨ 1: ਦੇਸਾਂ-ਪਰਦੇਸਾਂ ਵਿੱਚ ਹਿੰਦੁਸਤਾਨ ਦੀ ਸ਼ਾਨ ਕਿਹੋ ਜਿਹੀ ਹੈ?

ਉੱਤਰ: ਹਿੰਦੁਸਤਾਨ ਦੀ ਸ਼ਾਨ ਉੱਚੀ ਹੈ।

ਪ੍ਰਸ਼ਨ 2: ਹਿੰਦੁਸਤਾਨ ਦੇ ਚਸ਼ਮਿਆਂ ਵਿੱਚੋਂ ਪਾਣੀ ਕਿਹੋ ਜਿਹਾ ਫੁੱਟਦਾ ਹੈ?

ਉੱਤਰ: ਚਾਂਦੀ ਰੰਗਾਂ ਪਾਣੀ।

ਪ੍ਰਸ਼ਨ 3: ਸਾਨੂੰ ਹਰ ਨਵੀਂ ਸਵੇਰ ਨੂੰ ਕੀ ਵੰਡਣਾ ਚਾਹੀਦਾ ਹੈ?

ਉੱਤਰ: ਫੁੱਲਾਂ ਜਿਹੀ ਮੁਸਕਾਨ।

ਪ੍ਰਸ਼ਨ 4: ਇਹ ਖੇਡ ਹੁਣ ਕਿਹੜੇ ਮੁਕਾਬਲਿਆਂ ਵਿੱਚ ਸ਼ਾਮਿਲ ਹੈ?

ਉੱਤਰ: ਪੇਂਡੂ ਮੇਲਿਆਂ ਤੇ ਨਗਰ ਕੀਰਤਨਾਂ ਵਿੱਚ।

ਪ੍ਰਸ਼ਨ 5: ਇਹ ਖੇਡ ਉਲੰਪਿਕ ਦੀ ਕਿਹੜੀ ਖੇਡ ਦਾ ਸੁਧਰਿਆ ਰੂਪ ਹੈ?

ਉੱਤਰ: ਫੈਂਸਿੰਗ ਦਾ।

ਪ੍ਰਸ਼ਨ 6:'ਖ਼ੁਤਕਾ' ਕਿਹੜੀ ਭਾਸ਼ਾ ਦਾ ਸ਼ਬਦ ਹੈ?

ਉੱਤਰ: ਫਾਰਸੀ ਭਾਸ਼ਾ ਦਾ।

ਪ੍ਰਸਨ 7: ਵਿਸਾਖੀ ਕਿਸ ਮਹੀਨੇ ਮਨਾਈ ਜਾਂਦੀ ਹੈ?

ਉੱਤਰ: ਵਿਸਾਖ ਵਿੱਚ ਮਨਾਈ ਜਾਂਦੀ ਹੈ।

ਪ੍ਰਸ਼ਨ 8: ਬਾਰਾਮਾਂਹ ਦਾ ਕੀ ਭਾਵ ਹੈ?

ਉੱਤਰ: ਬਾਰਾਮਾਂਹ ਤੋਂ ਭਾਵ 12 ਦੇਸੀ ਮਹੀਨਿਆਂ ਤੋਂ ਹੈ।

ਪ੍ਰਸ਼ਨ 9: ਫੱਗਣ ਮਹੀਨਾ ਸਭ ਦੇ ਮਨ ਨੂੰ ਕਿਉਂ ਭਾਉਂਦਾ ਹੈ?

ਉੱਤਰ: ਫੱਗਣ ਵਿੱਚ ਹਰਿਆ-ਭਰਿਆ ਵਾਤਾਵਰਨ ਹੁੰਦਾ ਹੈ।

ਪ੍ਰਸ਼ਨ 10: ਸ਼ਹੀਦ ਊਧਮ ਸਿੰਘ ਦੇ ਪਿਤਾ ਜੀ ਕੀ ਕੰਮ ਕਰਦੇ ਸਨ?

ਉੱਤਰ: ਰੇਲਵੇ ਫਾਟਕ ਦੇ ਚੌਂਕੀਦਾਰ ਸਨ।

ਪ੍ਰਸ਼ਨ 11: ਜਲ੍ਹਿਆਂਵਾਲੇ ਬਾਗ਼ ਵਿੱਚ ਸ਼ਹੀਦ ਊਧਮ ਸਿੰਘ ਨੇ ਕੀ ਵੇਖਿਆ?

ਉੱਤਰ: ਖ਼ੂਨੀ ਸਾਕਾ ਵੇਖਿਆ। 5 ਸੌ ਤੋਂ ਵੱਧ ਲੋਕਾਂ ਨੂੰ ਗੋਲੀਆਂ ਨਾਲ ਭੁੰਨਦੇ ਵੇਖਿਆ।

ਪ੍ਰਸ਼ਨ 12: ਸ਼ਹੀਦ ਊਧਮ ਸਿੰਘ ਨੂੰ ਮਾਈਕਲ ਉਡਵਾਇਰ ਬਾਰੇ ਕਦੋਂ ਪਤਾ ਲੱਗਿਆ?

ਉੱਤਰ: 1940 ਵਿੱਚ ਊਧਮ ਸਿੰਘ ਨੂੰ ਪਤਾ ਲੱਗਿਆ ਕਿ ਮਾਈਕਲ ਉਡਵਾਇਰ ਇੱਕ ਮੀਟਿੰਗ ਵਿੱਚ ਭਾਗ ਲਵੇਗਾ।

ਪ੍ਰਸਨ 13: ਸ਼ਹੀਦ ਊਧਮ ਸਿੰਗ ਨੇ ਮੁਕੱਦਮਾ ਚੱਲਣ ਤੇ ਬਿਆਨ ਵਿੱਚ ਕੀ ਕਿਹਾ?

ਉੱਤਰ: ਮੈਂ ਮਾਈਕਲ ਉਡਵਾਇਰ ਨੂੰ ਮਾਰ ਕੇ ਦੇਸ਼ ਲਈ ਫਰਜ਼ ਨਿਭਾਇਆ ਹੈ। ਇਸ ਲਈ ਮੈਂ ਫਾਂਸੀ ਤੇ ਝੂਲ ਜਾਣਾ ਚੰਗਾ ਸਮਝਾਂਗਾ।

ਪ੍ਰਸ਼ਨ 14: ਕੁੰਦਨ ਲਾਲ ਕੀ ਕੰਮ ਕਰਦਾ ਸੀ?

ਉੱਤਰ: ਕੁੰਦਨ ਲਾਲ ਸਕੂਟਰ, ਮੋਟਰਸਾਈਕਲ ਠੀਕ ਕਰਨ ਦੀ ਦੁਕਾਨ ਤੇ ਮਿਸਤਰੀ ਸੀ।

ਪ੍ਰਸ਼ਨ 15: ਕੁੰਦਨ ਅਤੇ ਰਾਜਿੰਦਰ ਇਕੱਠੇ ਕਿੱਥੇ ਪੜ੍ਹੇ ਸਨ?

ਉੱਤਰ: ਪ੍ਰਾਇਮਰੀ ਸਕੂਲ ਵਿੱਚ ਪੜ੍ਹੇ ਸਨ।

ਪ੍ਰਸ਼ਨ 16:ਜਦੋਂ ਰਾਜਿੰਦਰ ਕਿਤਾਬ-ਕਾਪੀ ਲੈ ਕੇ ਬੈਠਦਾ ਤਾਂ ਕੀ ਹੁੰਦਾ ਸੀ?

ਉੱਤਰ: ਉਸਦੀਆਂ ਅੱਖਾਂ ਅੱਗੇ ਕੁੰਦਨ ਅਤੇ ਸਕੂਟਰ ਹੀ ਘੁੰਮ ਰਹੇ ਸਨ।

ਪ੍ਰਸ਼ਨ 17: ਰਾਜਿੰਦਰ ਦੇ ਦਿਮਾਗ ਵਿੱਚ ਕਿਹੜੀ ਸਿਆਣੀ ਗੱਲ ਆ ਗਈ?

ਉੱਤਰ: ਉੱਚੀ ਵਿੱਦਿਆ ਪ੍ਰਾਪਤ ਕਰਕੇ ਕੋਈ ਵੀ ਕੰਮ ਵਧੀਆ ਤਰੀਕੇ ਨਾਲ ਕੀਤਾ ਜਾ ਸਕਦਾ ਹੈ।

ਪ੍ਰਸ਼ਨ 18: ਰੁੱਖ ਕਿਸ ਚੀਜ਼ ਨੂੰ ਦੂਰ ਕਰਦੇ ਹਨ?

ਉੱਤਰ: ਰੁੱਖ ਪ੍ਰਦੂਸ਼ਣ ਨੂੰ ਦੂਰ ਕਰਦੇ ਹਨ।

ਪ੍ਰਸ਼ਨ 19: ਜੇਕਰ ਰੁੱਖ ਵੱਢਣਾ ਪਵੇ ਤਾਂ ਕੀ ਕਰਨਾ ਚਾਹੀਦਾ ਹੈ?

ਉੱਤਰ: ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ।

ਪ੍ਰਸ਼ਨ 20: ਅਸੀਂ ਪੰਜਾਬ ਨੂੰ ਹਰਾ-ਭਰਾ ਕਿਵੇਂ ਬਣਾ ਸਕਦੇ ਹਾਂ?

ਉੱਤਰ: ਅਸੀਂ ਵੱਧ ਤੋਂ ਵੱਧ ਰੁੱਖ ਲਗਾ ਕੇ ਪੰਜਾਬ ਨੂੰ ਹਰਾ-ਭਰਾ ਬਣਾ ਸਕਦੇ ਹਾਂ।

ਪ੍ਰਸ਼ਨ 21: ਤਿੱਤਲੀ ਕਿਹੋ ਜਿਹੀ ਹੁੰਦੀ ਹੈ?

ਉੱਤਰ: ਤਿੱਤਲੀ ਰੰਗ ਬਿਰੰਗੀ ਹੁੰਦੀ ਹੈ।

ਪ੍ਰਸ਼ਨ 22: ਖਰਗੋਸ਼ ਕਿੱਥੇ ਰਹਿੰਦੇ ਹਨ?

ਉੱਤਰ: ਖਰਗੋਸ਼ ਘੁਰਨੇ ਵਿੱਚ ਰਹਿੰਦ ਹਨ।

ਪ੍ਰਸ਼ਨ 23: ਫੁੱਲਾਂ ਦੇ ਬੀਜ ਕਿਵੇਂ ਬਣਦੇ ਹਨ?

ਉੱਤਰ: ਫੁੱਲਾਂ ਦੇ ਬੀਜ ਫੁੱਲ ਸੁੱਕ ਕੇ ਬਣਦੇ ਹਨ।

ਪ੍ਰਸ਼ਨ 24:ਟਾਪੂ ਕਿਸਨੂੰ ਕਹਿੰਦੇ ਹਨ?

ਉੱਤਰ: ਸਮੁੰਦਰ ਦੇ ਵਿਚਕਾਰ ਖਾਲੀ ਜਗ੍ਹਾ ਨੂੰ ਟਾਪੂ ਕਹਿੰਦੇ ਹਨ।

ਪ੍ਰਸ਼ਨ 25: ਛੱਤ ਬੀੜ ਚਿੜਿਆ-ਘਰ ਕਿੱਥੇ ਹੈ?

ਉੱਤਰ: ਛੱਤ ਬੀੜ ਚਿੜਿਆ-ਘਰ ਚੰਡੀਗੜ੍ਹ ਤੋਂ ਪਟਿਆਲੇ ਜਾਂਦੀ ਸੜਕ ਦੇ ਨੇੜੇ ਸਥਿਤ ਹੈ।

ਪ੍ਰਸ਼ਨ 26: ਵਣ-ਮਾਨਸ ਕੀ ਹੁੰਦਾ ਹੈ?

ਉੱਤਰ: ਵਣ-ਮਾਨਸ ਦੀ ਆਵਾਜ਼ ਢੋਲ ਦੀ ਆਵਾਜ਼ ਵਰਗੀ ਹੁੰਦੀ ਹੈ।

ਪ੍ਰਸ਼ਨ  27: ਹਿਰਨ ਵਾਂਗ ਛਾਲਾਂ ਮਾਰਨ ਨੂੰ ਕੀ ਆਖਦੇ ਹਨ?

ਉੱਤਰ: ਹਿਰਨ ਵਾਂਗ ਛਾਲਾਂ ਮਾਰਨ ਨੂੰ ਚੁੰਗੀਆਂ ਆਖਦੇ ਹਨ।

ਪ੍ਰਸ਼ਨ 28: ਕਹਾਣੀ ਵਿੱਚ ਸੁੰਢ ਤੇ ਹਲਦੀ ਦੀ ਮਾਂ ਕੌਣ ਹੈ?

ਉੱਤਰ: ਕਹਾਣੀ ਵਿੱਚ ਸੁੰਢ ਤੇ ਹਲਦੀ ਦੀ ਮਾਂ ਕਾਲੀ ਮਿਰਚ ਹੈ।

ਪ੍ਰਸ਼ਨ 29: ਇੱਕ, ਇੱਕ ਤੇ ਦੋ ਗਿਆਰਾਂ ਦਾ ਕੀ ਮਤਲਬ ਹੈ?

ਉੱਤਰ: ਇਸ ਦਾ ਅਰਥ ਹੈ ਕਿ ਇਕੱਲੋ ਨਾਲੋਂ ਦੋ ਜਣਿਆਂ ਦੀ ਤਾਕਤ ਬਹੁਤ ਹੁੰਦੀ ਹੈ।

ਪ੍ਰਸ਼ਨ 30: ਭਣੇਵੀ ਕੌਣ ਹੁੰਦੀ ਹੈ?

ਉੱਤਰ: ਭਣੇਵੀ ਭਾਣਜੀ ਹੁੰਦੀ ਹੈ।

ਪ੍ਰਸ਼ਨ 31: ਸਾਨੂੰ ਸਿੱਪੀਆਂ ਤੇ ਘੋਗੇ ਕਿੱਥੋਂ ਪ੍ਰਾਪਤ ਹੁੰਦੇ ਹਨ?

ਉੱਤਰ: ਸਾਨੂੰ ਸਿੱਪੀਆਂ ਤੇ ਘੋਗੇ ਸਮੁੰਦਰ ਤੋਂ ਪ੍ਰਾਪਤ ਹੁੰਦੇ ਹਨ।

ਪ੍ਰਸ਼ਨ 33: ਸਾਡੇ ਮਾਂ ਬੋਲੀ ਕਿਹੜੀ ਹੈ?

ਉੱਤਰ: ਸਾਡੀ ਮਾਂ ਬੋਲੀ ਪੰਜਾਬੀ ਹੈ।

ਪ੍ਰਸ਼ਨ 34: ਕਵੀ ਪੰਜਾਬੀ ਬੋਲੀ ਨੂੰ ਕਿਸ ਚੀਜ ਦੀ ਖਾਣ ਮੰਨਦਾ ਹੈ?

ਉੱਤਰ: ਕਵੀ ਪੰਜਾਬੀ ਬੋਲੀ ਨੂੰ ਮੋਤੀਆਂ ਦੀ ਖਾਣ ਮੰਨਦਾ ਹੈ।

ਪ੍ਰਸ਼ਨ 35: ਤ੍ਰਿੰਞਣ ਕਿਸਨੂੰ ਆਖਦੇ ਹਨ?

ਉੱਤਰ: ਜਿੱਥੇ ਕੁੜੀਆਂ ਇੱਕਠੀਆਂ ਬੈਠਕੇ ਕਢਾਈ ਬੁਣਾਈ ਕਰਦੀਆਂ ਤੇ ਚਰਖਾ ਕੱਤਦੀਆਂ ਹਨ।

ਪ੍ਰਸ਼ਨ 36: ਸੱਪ ਕਿਰਸਾਨ ਦਾ ਮਿੱਤਰ ਕਿਵੇਂ ਹੈ?

ਉੱਤਰ: ਸੱਪ ਕਿਰਸਾਨ ਦਾ ਮਿੱਤਰ ਇਸ ਕਰਕੇ ਹੈ ਕਿਉਂਕਿ ਸੱਪ ਚੂਹਿਆਂ ਨੂੰ ਖਾ ਜਾਂਦਾ ਹੈ ਜੋ ਫਸਲ ਖਰਾਬ ਕਰਦੇ ਹਨ।

ਪ੍ਰਸ਼ਨ 37: ਪਹਿਲਾਂ ਘਰਾਂ ਵਿੱਚ ਦਾਣੇ ਕਿਸ ਚੀਜ ਵਿੱਚ ਰੱਖਦੇ ਸਨ?

ਉੱਤਰ: ਭੜੋਲੀ ਵਿੱਚ।

ਪ੍ਰਸ਼ਨ 38: ਘਰਾਂ ਵਿੱਚ ਰੁੱਖ ਲਗਾਉਣ ਨਾਲ ਸਾਨੂੰ ਕੀ ਮਿਲਦਾ ਹੈ?

ਉੱਤਰ: ਛਾਂ।

ਪ੍ਰਸ਼ਨ 39: ਜੀਤੋ ਰੁੱਖ ਕਿਉਂ ਵਢਾਉਣਾ ਚਾਹੁੰਦੀ ਸੀ?

ਉੱਤਰ: ਕਿਉਂਕਿ ਰੁੱਖ ਦੇ ਸੁੱਕੇ ਪੱਤੇ ਡਿੱਗਕੇ ਗੰਦ ਪਾਉਂਦੇ ਸਨ।

ਪ੍ਰਸ਼ਨ 40: ਕੁੱਤਾ ਤੇ ਕੁੱਕੜ ਇੱਕ-ਦੂਜੇ ਲਈ ਕੀ ਕਰ ਸਕਦੇ ਸਨ?

ਉੱਤਰ: ਉਹ ਇੱਕ-ਦੂਜੇ ਲਈ ਜਾਨ ਦੇ ਸਕਦੇ ਸਨ।

ਪ੍ਰਸ਼ਨ 41: ਰਾਤ ਨੂੰ ਕੁੱਤਾ ਕਿੱਥੇ ਲੇਟ ਗਿਆ?

ਉੱਤਰ: ਰੁੱਖ ਤਣੇ ਦੇ ਖੋਲ ਚ ਵੜਕੇ ਕੁੱਤਾ ਲੇਟ ਗਿਆ।

ਪ੍ਰਸ਼ਨ 42: ਕੁੱਕੜ ਨੇ ਲੂੰਬੜੀ ਨੂੰ ਕੀ ਕਿਹਾ?

ਉੱਤਰ: ਉਸਨੇ ਕਿਹਾ ਕਿ ਮੈਂ ਜੰਗਲ ਦਾ ਰਾਜਾ ਹਾਂ ਤੇ ਦਰਬਾਨ ਪਰ ਥੱਲੇ ਸੁੱਤਾ ਹੈ ਤੇ ਤੂੰ ਉਸਨੂੰ ਜਗਾ ਜਾ।

ਪ੍ਰਸ਼ਨ 43: ਪੁਰਾਣੇ ਸਮਿਆਂ ਵਿੱਚ ਫੁਲਕਾਰੀ ਕਿਉਂ ਨਹੀਂ ਵੇਚੀ ਜਾਂਦੀ ਸੀ?

ਉੱਤਰ: ਕਿਉਂਕਿ ਫੁਲਕਾਰੀ ਨੂੰ ਸਗਨਾਂ ਦੀ ਚੀਜ ਸਮਝਿਆ ਜਾਂਦਾ ਸੀ।

ਪ੍ਰਸ਼ਨ 44: ਜਿਸ ਫੁਲਕਾਰੀ ਵਿੱਚ ਕੱਪੜਾ ਨਾ ਦਿਸਦਾ ਹੋਵੇ ਉਸਨੂੰ ਕੀ ਕਹਿੰਦੇ ਹਨ?

ਉੱਤਰ: ਬਾਗ।

ਪ੍ਰਸ਼ਨ 45: ਛੱਮਾਸ ਵਿੱਚ ਕੀ ਲੱਗਾ ਹੁੰਦਾ ਹੈ?

ਉੱਤਰ: ਛੱਮਾਸ ਇੱਕ ਕਿਸਮ ਦੀ ਫੁਲਕਾਰੀ ਦਾ ਨਾਂ ਹੈ ਇਸ ਉੱਪਰ ਛੋਟੇ ਛੋਟੇ ਸ਼ੀਸ਼ੀਆਂ ਦੇ ਟੁਕੜੇ ਜੜੇ ਹੁੰਦੇ ਹਨ।

ਪ੍ਰਸ਼ਨ 46: ਇਸ ਲੇਖ ਵਿੱਚ ਕਿੰਨੇ ਕਿਸਮ ਦੀਆਂ ਫੁਲਕਾਰੀਆਂ ਆਈਆਂ ਹਨ?

ਉੱਤਰ: ਘੁੰਗਟ, ਬਾਗ, ਘੁੰਗਟ ਬਾਗ, ਚੋਪ, ਸ਼ੁੱਭਰ, ਤਿੱਲ ਪੱਤਰਾ, ਨੀਲਕ ਛੱਮਾਸ।

ਪ੍ਰਸ਼ਨ 47: ਇਸ ਕਵਿਤਾ ਵਿੱਚ ਦਾਦੀ ਦਾ ਕੀ ਨਾਂ ਹੈ?

ਉੱਤਰ: ਮਾਤਾ ਗੁਜਰੀ ਜੀ।

ਪ੍ਰਸ਼ਨ 48: ਨੀਹਾਂ ਵਿੱਚ ਚਿਣੇ ਗਏ ਗੁਰੂ ਜੀ ਦੇ ਸਾਹਿਬਜਾਦਿਆਂ ਦੇ ਕੀ ਨਾਂ ਹਨ?

ਉੱਤਰ: ਸਾਹਿਬਜਾਦਾ ਜੋਰਾਵਰ ਸਿੰਘ ਤੇ ਸਾਹਿਬਜਾਦਾ ਫਤਿਹ ਸਿੰਘ ਜੀ।

ਪ੍ਰਸ਼ਨ 49: ਇਸ ਕਵਿਤਾ ਵਿੱਚ ਹਿੰਦ ਦੀ ਚਾਦਰ ਕਿਸਨੂੰ ਕਿਹਾ ਗਿਆ ਹੈ?

ਉੱਤਰ: ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ।

ਪ੍ਰਸ਼ਨ 50:ਨਿੱਕੇ ਹੁੰਦਿਆਂ ਰੇਸ਼ਮ ਦਾ ਕੀੜਾ ਕਿਸ ਵਰਗਾ ਹੁੰਦਾ ਹੈ?

ਉੱਤਰ: ਚੌਲ ਦੇ ਦਾਣੇ ਵਰਗਾ।

ਪ੍ਰਸ਼ਨ 51: ਰੇਸ਼ਮ ਦੀ ਕੀੜੇ ਦੀ ਉਮਰ ਕਿੰਨੀ ਹੁੰਦੀ ਹੈ?

ਉੱਤਰ: 30 ਦਿਨ।

ਪ੍ਰਸ਼ਨ 52: ਤਿੱਤਲੀ ਬਣਕੇ ਇਹ ਕੀੜਾ ਕੀ ਕਰਦਾ ਹੈ?

ਉੱਤਰ: ਆਪਣੇ ਪਿਛਲੇ ਜੀਵਨ ਬਿਲਕੁਲ ਭੁੱਲ ਜਾਂਦਾ ਹੈ।

ਪ੍ਰਸ਼ਨ 53: ਰੇਸ਼ਮ ਬਣਾਉਣ ਦੇ ਕਿੰਨ ਤਰੀਕੇ ਹਨ?

ਉੱਤਰ: ਦੋ ਤਰੀਕੇ।

ਪ੍ਰਸ਼ਨ 54: ਕਰਤਾਰ ਸਿੰਘ ਸਰਾਭਾ ਕਿੱਥੇ ਹੋਇਆ ਸੀ?

ਉੱਤਰ: ਪਿੰਡ ਸਰਾਭਾ ਜਿਲ੍ਹਾ ਲੁਧਿਆਣਾ ਵਿੱਚ।

ਪ੍ਰਸ਼ਨ 55: ਸ਼ਹੀਦ ਕਰਤਾਰ ਸਿੰਘ ਨੂੰ ਫਾਂਸੀ ਕਿਉਂ ਹੋਈ ਸੀ?

ਉੱਤਰ: ਦੇਸ਼ ਨੂੰ ਆਜਾਦ ਕਰਵਾਉਣ ਲਈ।

ਪ੍ਰਸ਼ਨ 56: ਮਹਾਰਾਜਾ ਰਣਜੀਤ ਸਿੰਘ ਜੀ ਦੀ ਸਵਾਰੀ ਕਿੱਥੋਂ ਲੰਘ ਰਹੀ ਸੀ?

ਉੱਤਰ: ਮਹਾਰਾਜਾ ਰਣਜੀਤ ਸਿੰਘ ਜੀ ਦੀ ਸਵਾਰੀ ਲਾਹੌਰ ਸ਼ਹਿਰ ਵਿੱਚੋਂ ਲੰਘ ਰਹੀ ਸੀ।

ਪ੍ਰਸ਼ਨ 57: ਪਾਂਡੀ ਦਾ ਕੀ ਅਰਥ ਹੈ?

ਉੱਤਰ: ਪਾਂਡੀ ਦਾ ਅਰਥ ਹੈ ਪੰਡ ਚੁੱਕਣ ਵਾਲਾ।

ਪ੍ਰਸ਼ਨ 58: ਮਹਾਰਾਜਾ ਰਣਜੀਤ ਸਿੰਘ ਨੂੰ ਪਾਰਸ ਕਿਉਂ ਕਿਹਾ ਜਾਂਦਾ ਹੈ?

ਉੱਤਰ: ਮਹਾਰਾਜਾ ਰਣਜੀਤ ਸਿੰਘ ਨੂੰ ਪਾਰਸ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਉਹ ਗਰੀਬਾਂ ਦੀ ਮੱਦਦ ਕਰਦੇ ਸਨ।

ਪ੍ਰਸ਼ਨ 59: ਮਹਾਰਾਜਾ ਰਣਜੀਤ ਸਿੰਘ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ?

ਉੱਤਰ: ਮਹਾਰਾਜਾ ਰਣਜੀਤ ਸਿੰਘ ਨੂੰ ਹੋਰ ਸ਼ੇਰੇ-ਪੰਜਾਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਪ੍ਰਸ਼ਨ 60: ਅਮਰੀਕ ਸਿੰਘ ਨੂੰ ਕੁਹਾੜੇ ਨੇ ਕੀ ਕਿਹਾ?

ਉੱਤਰ: ਅਮਰੀਕ ਸਿੰਘ ਨੂੰ ਕੁਹਾੜੇ ਨੇ ਕਿਹਾ ਕਿ ਮੈਂ ਹੁਣ ਰੁੱਖ ਨਹੀਂ ਵੱਢ ਸਕਦਾ।

ਪ੍ਰਸ਼ਨ 61: ਕੰਬਾਇਨ ਕੀ ਹੁੰਦੀ ਹੈ?

ਉੱਤਰ: ਫਸਲਾਂ ਕੱਟਣ ਵਾਲੀ ਮਸ਼ੀਨ ਨੂੰ ਕੰਬਾਇਨ ਕਹਿੰਦੇ ਹਨ।

ਪ੍ਰਸ਼ਨ 62: ਭਗਵਾਨ ਕੌਰ ਦੀ ਸੱਸ ਕਿਸ ਚੀਜ ਤੋਂ ਸਾਬਣ ਬਣਾਉਂਦੀ ਸੀ?

ਉੱਤਰ: ਭਗਵਾਨ ਕੌਰ ਦੀ ਸੱਸ ਨਿਮੋਲੀਆਂ ਦਾ ਸਾਬਣ ਬਣਾਉਂਦੀ ਸੀ।

ਪ੍ਰਸ਼ਨ 63: ਕਹਾਣੀ ਵਿੱਚ ਆਪਣਾ ਜਨਮ ਦਿਨ ਬੂਟੇ ਲਾ ਕੇ ਕਿਸਨੇ ਮਨਾਇਆ?

ਉੱਤਰ: ਕਹਾਣੀ ਵਿੱਚ ਆਪਣੇ ਜਨਮ ਦਿਨ ਬੂਟੇ ਲਾਕੇ ਗੁਰਦੀਪ ਨੇ ਮਨਾਇਆ।

ਪ੍ਰਸ਼ਨ 64 ਕਲਪਨਾ ਚਾਵਲਾ ਦੇ ਹੋਰ ਕਿੰਨੇ ਭੈਣ ਭਰਾ ਸਨ?

ਉੱਤਰ: ਤਿੰਨਾਂ ਭੈਣਾਂ ਤੇ ਇੱਕ ਭਰਾ।

ਪ੍ਰਸ਼ਨ 65: ਕਲਪਨਾ ਸਕੂਲ ਵਿੱਚ ਕਿਹੋ ਜਿਹੀਆਂ ਤਸਵੀਰਾਂ ਬਣਾਉਂਦੀ ਸੀ?

ਉੱਤਰ: ਜਹਾਜਾਂ ਦੀਆਂ ਤਸਵੀਰਾਂ ਬਣਾਉਂਦੀ ਸੀ।

ਪ੍ਰਸ਼ਨ 66: ਕਲਪਨਾ ਪਹਿਲੀ ਵਾਰ ਪੁਲਾੜ ਵਿੱਚ ਜਾਣ ਤੋਂ ਕਿੰਨ ਸਾਲ ਬਾਅਦ ਫਿਰ ਪੁਲਾੜ ਵਿੱਚ ਗਈ?

ਉੱਤਰ: ਛੇ ਕੁ ਸਾਲ ਬਾਅਦ।

ਪ੍ਰਸ਼ਨ 66: ਧਰਤੀ ਉੱਤੇ ਉਤਰਨ ਤੋਂ ਕਿੰਨੇ ਮਿੰਟਾਂ ਪਹਿਲਾਂ ਸਪੇਸ ਸ਼ੱਟਲ ਧਮਾਕੇ ਨਾਲ ਖਤਮ ਹੋਈ?

ਉੱਤਰ: 16 ਮਿੰਟ।

ਪ੍ਰਸ਼ਨ 67: ਅੰਗਰੇਜਾਂ ਨੇ ਆਪਣੀ ਹੱਦ ਕਿੱਥੋਂ ਤੱਕ ਵਧਾਈ ਸੀ?

ਉੱਤਰ: ਅਫਗਾਨਿਸਤਾਨ ਤੱਕ।

ਪ੍ਰਸ਼ਨ 68:ਸਾਰਾਗੜੀ ਵਿੱਚ ਕਿੰਨ ਸੈਨਿਕ ਸਨ?

ਉੱਤਰ: 21 ਸੈਨਿਕ ਸਨ।

ਪ੍ਰਸ਼ਨ 69: ਸਿੱਖ ਫੌਜੀਆਂ ਨੇ ਕੀ ਵਿਉਂਤ ਬਣਾਈ ਸੀ?

ਉੱਤਰ: ਦੇਸ਼ ਲਈ ਲੜਕੇ ਮਰਨ ਦੀ ਵਿਉਂਤ ਬਣਾਈ।

ਪ੍ਰਸ਼ਨ 70  ਸਾਰਾਗੜੀ ਲੜਾਈ ਕਦੋਂ ਹੋਈ?

ਉੱਤਰ: 12 ਸਤੰਬਰ 1897 ਨੂੰ ਹੋਈ।

ਪ੍ਰਸ਼ਨ 71: ਬਾਰਿਸ਼ ਜਿਆਦਾ ਹੋਣ ਨਾਲ ਨਦੀ ਵਿੱਚ ਕੀ ਹੁੰਦਾ ਸੀ?

ਉੱਤਰ: ਪਾਣੀ ਦਾ ਵਹਾਅ ਤੇਜ ਹੋ ਜਾਂਦਾ ਸੀ।

ਪ੍ਰਸ਼ਨ 72: ਜਦੋਂ ਕੋਈ ਪਾਣੀ ਵਿੱਚ ਖਲੋ ਜਾਂਦਾ ਸੀ ਤਾਂ ਕੀ ਹੁੰਦਾ ਸੀ?

ਉੱਤਰ: ਪੈਰਾਂ ਹੇਠੋਂ ਰੇਤ ਖਿਸਕ ਜਾਂਦੀ ਸੀ।

ਪ੍ਰਸ਼ਨ 73: ਹਰਦੀਪ ਸ਼ਾਰਦਾ ਭੈਣਜੀ ਦੇ ਤਰਲੇ ਕਿਉਂ ਕਰ ਰਿਹਾ ਸੀ?

ਉੱਤਰ: ਕਿਉਂਕਿ ਉਸਨੂੰ ਅੰਗਰੇਜੀ ਦਾ ਪੇਪਰ ਨਹੀਂ ਸੀ ਆਉਂਦਾ।

## 3 ਨੰਬਰਾਂ ਵਾਲੇ ਪ੍ਰਸ਼ਨ ਉੱਤਰ

ਪ੍ਰਸ਼ਨ 1: ਅਸੀਂ ਹਿੰਦੁਸਤਾਨ ਦੀ ਮਿੱਟੀ ਨੂੰ ਸੀਸ ਕਿਉਂ ਨਿਵਾਉਂਦੇ ਹਾਂ?

ਉੱਤਰ: ਇਹ ਮਿੱਟੀ ਵਰਦਾਨ ਹੁੰਦੀ ਹੇ ਅਤੇ ਮਾਂ ਦੇ ਸਮਾਨ ਹੁੰਦੀ ਹੈ। ਇਸ ਲਈ ਸਾਨੂੰ ਸੀਸ ਝੁਕਾਉਣਾ ਚਾਹੀਦਾ ਹੈ।

ਪ੍ਰਸ਼ਨ 2: ਸਾਨੂੰ ਕਿਸ ਪ੍ਰਕਾਰ ਦੀ ਕਮਾਈ ਕਰਨੀ ਚਾਹੀਦੀ ਹੈ?

ਉੱਤਰ: ਸਾਨੂੰ ਹੱਕ ਸੱਚ ਦੀ ਕਮਾਈ ਕਰਨੀ ਚਾਹੀਦਾ ਹੈ ਭਾਵ ਕਿ ਹੱਥੀ ਕਿਰਤ ਕਰਨੀ ਚਾਹੀਦੀ ਹੈ।

ਪ੍ਰਸ਼ਨ 3: ਗੱਤਕਾ ਖੇਡ ਹੋਂਦ ਵਿੱਚ ਕਿਉਂ ਆਈ ਅਤੇ ਇਹ ਕਿਸ ਕਿਸਮ ਦਾ ਹੁਨਰ ਹੈ?

ਉੱਤਰ: ਸਾਡੇ ਦੇਸ਼ ਦੀ ਭੂਗੋਲਿਕ ਸਥਿਤੀ ਖਾਸ ਸੀ। ਥਲ ਰਾਹੀਂ ਹਮਲਾਵਰ ਇੱਥੋਂ ਲੰਘਦੇ ਰਹੇ ਹਨ। ਇਸ ਕਾਰਨ ਆਤਮ-ਸੁਰੱਖਿਆ ਹਰੇਕ ਦੀ ਲੋੜ ਬਣ ਗਈ, ਇਹ ਜੰਗੀ ਹੁਨਰ ਹੈ।

ਪ੍ਰਸ਼ਨ 4: ਗੱਤਕਾ ਖੇਡ ਖੇਡਣ ਸਮੇਂ ਕਿਹੜੇ ਹਥਿਆਰ ਵਰਤੇ ਜਾਂਦੇ ਹਨ?

ਉੱਤਰ: ਗੱਤਕਾ ਖੇਡ ਖੇਡਣ ਸਮੇਂ ਡੰਡੇ ਸੋਟੀਆਂ, ਤਲਵਾਰਾਂ, ਛੋਟੀ ਢਾਲ ਆਦਿ ਹਥਿਆਰਾਂ ਵਰਤੇ ਜਾਂਦੇ ਹਨ।

ਪ੍ਰਸ਼ਨ 5: ਗੱਤਕੇ ਦਾ ਉਸਤਾਦ ਗੱਤਕਾ ਸਿਖਾਉਣ ਤੋਂ ਪਹਿਲਾਂ ਸਿਖਿਆਰਥੀ ਨੂੰ ਕੀ ਸਿੱਖਿਆ ਦਿੰਦਾ ਹੈ?

ਉੱਤਰ: ਉਨ੍ਹਾਂ ਨੇ ਆਪਣਾ ਚਾਲ-ਚਲਣ ਨੇਕ ਰੱਖਣਾ, ਬੱਚੇ, ਬਜੁਰਗ ਔਰਤ ਤੇ ਨਿਤਾਣੇ ਤੇ ਵਾਰ ਨਹੀਂ ਕਰਨਾ। ਸਾਦੀ ਸ਼ੁੱਧ ਖੁਰਾਕ ਖਾਣੀ ਤੇ ਕੋਈ ਨਸ਼ਾ ਨਹੀਂ ਕਰਨਾ।

ਪ੍ਰਸ਼ਨ 6: ਗੱਤਕੇ ਦੇ ਅਖਾੜੇ ਵਿੱਚ ਜਾਣ ਤੋਂ ਪਹਿਲਾਂ ਖਿਡਾਰੀ ਕਿਸ ਤਰ੍ਹਾਂ ਦੀ ਤਿਆਰੀ ਕਰਦਾ ਹੈ?

ਉੱਤਰ: ਖੇਡ ਸਿਖਲਾਈ ਦੇ ਅਮਲੀ ਦੌਰ ਵਿੱਚ ਪਹਿਲਾਂ ਜੁੱਸੇ ਗਰਮਾਏ ਜਾਂਦੇ ਹਨ। ਦੌੜਾਂ ਦਾ ਅਭਿਆਸ ਹੁੰਦਾ ਹੈ। ਹਥਿਆਰਾਂ ਨੂੰ ਨਮਸਕਾਰ ਕਰਕੇ ਹਥਿਆਰਾ ਹੱਥ ਵਿੱਚ ਫੜਨਾ, ਪੈਂਤੜਾ ਲੈਣ, ਵਾਰ ਕਰਨ ਅਤੇ ਰੋਕਣ ਦੇ ਦਾਅ-ਪੇਚ ਸਿਖਾਏ ਜਾਂਦੇ ਹਨ।

ਪ੍ਰਸ਼ਨ 7: ਗੱਤਕੇ ਦੀ ਖੇਡ ਦੇ ਮੁੱਖ ਕੇਂਦਰ ਕਿਹੜੇ ਹਨ?

ਉੱਤਰ: ਸ੍ਰੀ ਆਨੰਦਪੁਰ ਸਾਹਿਬ ਅਤੇ ਪਾਉਂਟਾ ਸਾਹਿਬ ਗੱਤਕਾ ਦੇ ਵੱਡੇ ਕੇਂਦਰ ਹਨ।

ਪ੍ਰਸ਼ਨ 8: ਅੱਜਕੱਲ ਗੱਤਕੇ ਦੀ ਖੇਡ ਕਿੱਥੇ-ਕਿੱਥੇ ਖੇਡੀ ਜਾਂਦੀ ਹੈ?

ਉੱਤਰ: ਇਹ ਖੇਡ ਨੂੰ ਨਗਰ ਕੀਰਤਨਾਂ ਅਤੇ ਖਾਸ ਖੇਡ ਸਮਾਗਮਾਂ ਵਿੱਚ ਹੀ ਖੇਡੀ ਜਾਂਦੀ ਹੈ।

ਪ੍ਰਸ਼ਨ 9: ਅੱਸੂ ਮਹੀਨੇ ਵਿੱਚ ਮੌਸਮ ਕਿਹੋ ਜਿਹਾ ਹੁੰਦਾ ਹੈ?

ਉੱਤਰ: ਅੱਸੂ ਮਹੀਨੇ ਵਿੱਚ ਨਾ ਜਿਆਦਾ ਸਰਦੀ ਅਤੇ ਨਾ ਜਿਆਦਾ ਗਰਮੀ ਹੁੰਦੀ ਹੈ। ਇਸ ਵਿੱਚ ਸੁਹਾਵਣਾ ਮੌਸਮ ਹੁੰਦਾ ਹੈ।

ਪ੍ਰਸ਼ਨ 10: ਅਸੀਂ ਕਿਸ ਮਹੀਨੇ ਚਾਨਣੀਆਂ ਰਾਤਾਂ ਮਾਣਦੇ ਹਾਂ?

ਉੱਤਰ: ਕੱਤਕ ਮਹੀਨੇ ਵਿੱਚ ਰਾਤਾਂ ਚਾਨਣੀਆਂ ਹੁੰਦੀਆਂ ਹਨ।

ਪ੍ਰਸ਼ਨ 11: ਕੋਟ ਸ੍ਵੈਟਰ ਕਿਸ ਮਹੀਨੇ ਪਾਏ ਜਾਂਦੇ ਹਨ?

ਉੱਤਰ: ਮੱਘਰ ਮਹੀਨੇ ਵਿੱਚ ਕੋਟ ਸ੍ਵੈਟਰ ਪਾਏ ਜਾਂਦੇ ਹਨ।

ਪ੍ਰਸ਼ਨ 12: ਪੋਹ ਵਿੱਚ ਕਿਹੋ ਜਿਹੀ ਠੰਢ ਪੈਂਦੀ ਹੈ?

ਉੱਤਰ: ਪੋਹ ਵਿੱਚ ਠੰਢ ਵੱਧ ਜਾਂਦੀ ਹੈ। ਖੇਸੀ ਲੈਂਣ ਅਤੇ ਧੂਣੀਆਂ ਲਾ ਲਾ ਕੇ ਸੇਕਣ ਦਾ ਮੌਸਮ ਬਣ ਜਾਂਦਾ ਹੈ।

ਪ੍ਰਸ਼ਨ 13: ਜਲ੍ਹਿਆਂ ਵਾਲੇ ਕਤਲੇਆਮ ਦਾ ਅਸਲ ਜਿੰਮੇਵਾਰ ਕੌਣ ਸੀ?

ਉੱਤਰ: ਜਲ੍ਹਿਆਂ ਵਾਲੇ ਕਤਲੇਆਮ ਦਾ ਅਸਲ ਜਿੰਮੇਵਾਰ ਸਰ ਮਾਈਕਲ ਉਡਵਾਇਰ ਸੀ।

ਪ੍ਰਸ਼ਨ 14: ਮੀਟਿੰਗ ਵਿੱਚ ਪਹੁੰਚਕੇ ਸ਼ਹੀਦ ਊਧਮ ਸਿੰਘ ਨੇ ਕੀ ਕੀਤਾ?

ਉੱਤਰ: ਉਹਨਾਂ ਨੇ ਆਪਣਾ ਲੁਕਾਇਆ ਹੋਇਆ ਪਿਸਤੋਲ ਕੱਢਿਆ ਤੇ ਮਾਈਕਲ ਉਡਵਾਈਵਰ ਨੂੰ ਗੋਲੀਆਂ ਮਾਰਕੇ ਖਤਮ ਕਰ ਦਿੱਤਾ।

ਪ੍ਰਸ਼ਨ 14: ਮਾਈਕਲ ਉਡਵਾਈਰ ਨੂੰ ਗੋਲੀ ਮਾਰਨ ਪਿੱਛੋਂ ਸ਼ਹੀਦ ਊਧਮ ਸਿੰਘ ਨੇ ਕੀ ਕੀਤਾ?

ਉੱਤਰ: ਉਡਵਾਇਰ ਨੂੰ ਗੋਲੀ ਮਾਰਨ ਪਿੱਛੋਂ ਸ਼ਹੀਦ ਊਧਮ ਸਿੰਘ ਉਥੋ ਭੱਜਿਆ ਨਹੀਂ

ਸਗੋਂ ਉੱਥੇ ਹੀ ਡੱਟ ਕੇ ਖੜਿਆ ਰਿਹਾ।

ਪ੍ਰਸ਼ਨ 15: ਡਾ. ਰਾਜਿੰਦਰ ਕੁੰਦਨ ਦੀਆਂ ਕਿਹੜੀਆਂ ਗੱਲਾਂ ਤੋਂ ਪ੍ਰਭਾਵਿਤ ਹੋਇਆ ਸੀ?

ਉੱਤਰ: ਡਾ. ਰਾਜਿੰਦਰ ਕੁੰਦਨ ਦਾ ਇੱਕ ਦਿਨ ਵਿੱਚ ਸਕੂਟਰ ਚਲਾਉਣਾ ਸਿੱਖ ਲੈਣ ਦੀਆਂ ਗੱਲਾਂ ਤੋਂ ਪ੍ਰਭਾਵਿਤ ਹੋਇਆ।

ਪ੍ਰਸ਼ਨ 16: ਰਾਜਿੰਦਰ ਪੂਰਾ ਹਫਤਾ ਕਿਹੜੀਆਂ ਸੋਚਾਂ ਵਿੱਚ ਪਿਆ ਰਿਹਾ?

ਉੱਤਰ: ਪੂਰਾ ਹਫਤਾ ਰਾਜਿੰਦਰ ਸੋਚਦਾ ਰਿਹਾ ਕਿ ਪੜ੍ਹਨ ਦਾ ਕੋਈ ਫਾਇਦਾ ਨਹੀਂ, ਸਗੋਂ ਕੁੰਦਨ ਵਾਂਗ ਸਕੂਟਰ ਚਲਾਉਣਾ ਹੀ ਸਿੱਖ ਕੇ ਆਪ ਹੀ ਸਕੂਟਰ ਚਲਾਵਾਂ।

ਪ੍ਰਸ਼ਨ 17: ਪਿਤਾ ਜੀ ਨੇ ਰਾਜਿੰਦਰ ਨੂੰ ਕਿਹੜੀ ਸਲਾਹ ਦਿੱਤੀ?

ਉੱਤਰ: ਪਿਤਾ ਜੀ ਨੇ ਰਾਜਿੰਦਰ ਨੂੰ ਕਿਹਾ ਕਿ ਪਹਿਲਾਂ ਉਹ ਪੜ੍ਹ ਲਵੇ ਫੇਰ ਭਾਵੇਂ ਕੋਈ ਵੀ ਕੰਮ ਕਰੇ। ਹਰ ਗੱਲ ਦਾ ਸਹੀ ਸਮੇਂ ਹੀ ਮੁੱਲ ਹੁੰਦਾ ਹੈ।

ਪ੍ਰਸ਼ਨ 18: ਸਾਨੂੰ ਕਿਸਦੀ ਖੈਰ ਮਨਾਉਣੀ ਚਾਹੀਦੀ ਹੈ?

ਉੱਤਰ: ਸਾਨੂੰ ਰੁੱਖਾਂ ਨਾਲ ਹੀ ਖੁਸ਼ੀਆਂ ਖੇੜੇ ਹਨ। ਇਸ ਲਈ ਇਨ੍ਹਾਂ ਸਭ ਦੀ ਖੈਰ ਮਨਾਉਣੀ ਚਾਹੀਦੀ ਹੈ।

ਪ੍ਰਸ਼ਨ 19: ਸਾਨੂੰ ਰੁੱਖਾਂ ਤੋਂ ਕੀ-ਕੀ ਮਿਲਦਾ ਹੈ?

ਉੱਤਰ: ਰੁੱਖ ਸਾਨੂੰ ਸ਼ੁੱਧ ਹਵਾ, ਜੜ੍ਹੀ-ਬੂਟੀਆਂ ਤੇ ਫਲ ਦਿੰਦੇ ਹਨ। ਰੁੱਖ ਸਾਨੂੰ ਮੀਂਹ, ਧੁੱਪ ਤੇ ਝੱਖੜ ਤੋਂ ਬਚਾਉਂਦੇ ਹਨ।

ਪ੍ਰਸ਼ਨ 20: ਤਿੱਤਲੀ ਉੱਡ ਕੇ ਕਿੱਥੇ ਪਹੁੰਚ ਗਈ?

ਉੱਤਰ: ਤਿੱਤਲੀ ਉੱਡ ਕੇ ਪਾਣੀ ਉੱਤੇ ਤਰ ਰਹੇ ਇੱਕ ਪੱਤੇ ਉੱਤੇ ਬੈਠ ਗਈ।

ਪ੍ਰਸ਼ਨ 21: ਝੀਲ ਦੇ ਅਗਲੇ ਪਾਰ ਸਾਹਮਣੇ ਕੀ ਸਨ?

ਉੱਤਰ: ਝੀਲ ਦੇ ਅਗਲੇ ਪਾਰ ਸਾਹਮਣੇ ਫੁੱਲਾਂ ਦੀ ਵਾਦੀ ਸੀ।

ਪ੍ਰਸ਼ਨ 22: ਫੁੱਲਾਂ ਦੀ ਵਾਦੀ ਵਿੱਚ ਕੀ ਸੀ?

ਉੱਤਰ: ਫੁੱਲਾਂ ਦੀ ਵਾਦੀ ਵਿੱਚ ਖਰਗੋਸ਼ਾਂ ਦੇ ਘੁਰਨੇ ਸਨ।

ਪ੍ਰਸ਼ਨ 23: ਬੁੱਢਾ ਖਰਗੋਸ਼ ਕੀ ਕਰ ਰਿਹਾ ਸੀ?

ਉੱਤਰ: ਇੱਕ ਘੁਰਨੇ ਕੋਲ ਬੈਠਾ ਬੁੱਢਾਂ ਖਰਗੋਸ਼ ਚੁੱਪ ਚਾਪ ਤਿੱਤਲੀ ਨੂੰ ਦੇਖ ਰਿਹਾ ਸੀ।

ਪ੍ਰਸ਼ਨ 24: ਕਵਿਤਾ ਵਿੱਚ ਕਿਹੜੇ ਚਿੜਿਆ-ਘਰ ਦੀ ਗੱਲ ਕੀਤੀ ਗਈ ਹੈ?

ਉੱਤਰ: ਕਵਿਤਾ ਵਿੱਚ ਛੱਤ ਬੀੜ ਚਿੜਿਆ-ਘਰ ਦੀ ਗੱਲ ਕੀਤੀ ਗਈ ਹੈ।

ਪ੍ਰਸ਼ਨ 25: ਛੱਤ ਬੀੜ ਚਿੜਿਆ ਘਰ ਵਿੱਚ ਕਿਹੜੇ-ਕਿਹੜੇ ਜੀਵ ਹਨ?

ਉੱਤਰ: ਇਸ ਚਿੜਿਆ-ਘਰ ਵਿੱਚ ਸ਼ੇਰ, ਬਾਂਦਰ, ਹਿਰਨ, ਬਾਘ, ਵਣ-ਮਾਨਸ, ਮਗਰਮੱਛ, ਲੱਕੜ ਬੱਘਾ, ਹੰਸ, ਉੱਲੂ, ਕਬੂਤਰ, ਮੋਰ, ਕੁੱਕੜ, ਲੂੰਬੜੀ, ਖਰਗੋਸ਼ ਅਤੇ ਕੱਛੂ ਆਦਿ ਜੀਵ ਹਨ।

ਪ੍ਰਸ਼ਨ 26: ਕਵਿਤਾ ਦੀਆਂ ਆਖਰੀ ਸਤਰਾਂ ਵਿੱਚ ਕਵੀ ਕੀ ਕਹਿੰਦਾ ਹੈ?

ਉੱਤਰ: ਕਵੀ ਕਹਿੰਦਾ ਹੈ ਕਿ ਪੰਛੀਆਂ ਨੂੰ ਭੁੱਲ ਵੀ ਕੈਦ ਨਾ ਕਰੋ। ਕਿਉਂਕਿ ਪਿੰਜਰੇ ਵਿੱਚੋਂ ਰਹਿਣ ਨਾਲੋਂ ਮਰਨਾ ਹੀ ਚੰਗਾ ਹੈ।

ਪ੍ਰਸ਼ਨ 27: ਹਲਦੀ ਨੇ ਮਾਂ ਨੂੰ ਕੀ ਕਿਹਾ?

ਉੱਤਰ: ਹਲਦੀ ਨੇ ਮਾਂ ਨੂੰ ਕਿਹਾ ਕਿ ਮੈਂ ਆਪਣੇ ਨਾਨਕੇ ਘਰ ਜਾਣਾ ਹੈ।

ਪ੍ਰਸ਼ਨ 28: ਮਾਂ ਨੇ ਸੁੰਢ ਨੂੰ ਤੇ ਸੁੰਢ ਨੇ ਮਾਂ ਨੂੰ ਕੀ ਕਿਹਾ?

ਉੱਤਰ: ਮਾਂ ਨੇ ਸੁੰਢ ਨੂੰ ਕਿਹਾ ਕਿ ਉਹ ਹਲਦੀ ਨਾਲ ਨਾਨਕੇ ਘਰ ਜਾਵੇ ਕਿਉਂਕਿ ਰਸਤੇ ਵਿੱਚ ਦਰਿਆ ਪੈਂਦਾ ਹੈ ਤੇ ਉਹ ਉਸਨੂੰ ਇਕੱਲੀ ਨਹੀਂ ਭੇਜਣਾ ਚਾਹੁੰਦੀ। ਉੱਤਰ ਵਿੱਚ ਸੁੰਢ ਨੇ ਮਾਂ ਨੂੰ ਕਿਹਾ ਕਿ ਉਹ ਹਲਦੀ ਨਾਲ ਨਾਨਕੇ ਘਰ ਨਹੀਂ ਜਾਵੇਗੀ। ਉਹ ਉਦੋਂ ਹੀ ਜਾਵੇਗੀ ਜਦੋਂ ਉਸਦਾ ਦਿਲ ਕਰੇਗਾ।

ਪ੍ਰਸ਼ਨ 29: ਦਰਿਆ ਉੱਤੇ ਪੁੱਲ ਕਿਵੇਂ ਬਣ ਗਿਆ?

ਉੱਤਰ: ਜਦੋਂ ਦਰਿਆ ਦੇ ਕਹਿਣ ਉੱਤੇ ਪੁੱਲ ਬਣਾਉਣ ਲਈ ਨੇੜੇ ਪਏ ਪੱਥਰ ਢੋਣੇ ਸ਼ੁਰੂ ਕੀਤੇ ਤਾਂ ਹੋਰ ਮੁਸਾਫਿਰ ਵੀ ਉਸਦੇ ਨਾਲ ਪੱਥਰ ਢੋਣ ਲੱਗ ਪਏ ਇਸ ਤਰ੍ਹਾਂ ਹੌਲੀ ਹੌਲੀ ਦਰਿਆ ਉੱਤੇ ਪੁੱਲ ਬਣ ਗਿਆ।

ਪ੍ਰਸ਼ਨ 30: ਹਲਦੀ ਨੂੰ ਸਾਰੇ ਪਿਆਰ ਕਿਉਂ ਕਰਦੇ ਸਨ?

ਉੱਤਰ: ਹਲਦੀ ਹਰ ਇੱਕ ਦਾ ਕਿਹਾ ਮੰਨਦੀ ਸੀ ਤੇ ਆਪਣੀ ਮਾਂ ਨਾਲ ਚਰਖਾ ਕਤਾਉਣ ਤੋਂ ਬਿਨਾਂ ਰਸੋਈ ਦੇ ਕੰਮ ਵਿੱਚ ਉਸਦਾ ਹੱਥ ਵਟਾਉਂਦੀ ਸੀ।

ਪ੍ਰਸ਼ਨ 31: ਹਲਦੀ ਤੇ ਸੁੰਢ ਤੇ ਸੁਭਾਅ ਵਿੱਚ ਕੀ ਫਰਕ ਸੀ?

ਉੱਤਰ: ਹਲਦੀ ਕੋਲ ਪਿਆਰ ਸੀ ਉਹ ਹਰ ਇੱਕ ਦੇ ਕੰਮ ਆਉਂਦੀ ਸੀ ਤੇ ਕੰਮ ਵਟਾਉਂਦੀ ਸੀ ਜਦਕਿ ਸੁੰਢ ਰੁੱਖੀ, ਆਕੜ ਖਾਂ, ਤੇ ਕੰਮ ਕਰਨ ਦੀ ਥਾਂ ਵਗਾੜਨ ਵਾਲੀ ਸੀ।

ਪ੍ਰਸ਼ਨ 32: ਇਸ ਕਹਾਣੀ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

ਉੱਤਰ: ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਸਾਰਿਆਂ ਨੂੰ ਚੰਗੇ ਬਣਨ ਦਾ ਪ੍ਰਣ ਕਰਨਾ ਚਾਹੀਦਾ ਹੈ।

ਪ੍ਰਸ਼ਨ 33:ਆਪਣੀ ਪੰਜਾਬੀ ਬੋਲੀ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ?

ਉੱਤਰ: ਸਾਨੂੰ ਆਪਣੀ ਪੰਜਾਬੀ ਬੋਲੀ ਦੀ ਇੱਜਤ ਕਰਨੀ ਚਾਹੀਦੀ ਹੈ, ਸਾਨੂੰ ਪੰਜਾਬੀ ਬੋਲੀ ਨੂੰ ਕਦੇ ਭੁਲਾਉਣਾ ਨਹੀਂ ਚਾਹੀਦਾ।

ਪ੍ਰਸ਼ਨ 34: ਕਵੀ ਪੰਜਾਬੀ ਬੋਲੀ ਦੀ ਸਿਫਤ ਕਿਵੇਂ ਕਰਦਾ ਹੈ?

ਉੱਤਰ: ਕਵੀ ਪੰਜਾਬੀ ਬੋਲੀ ਨੂੰ ਆਪਣੀ ਜਿੰਦ-ਜਾਨ, ਮੋਤੀਆਂ ਦੀ ਖਾਨ, ਮਿੱਟੀ ਤੇ ਸੁਹਾਵਣੀ, ਕੰਮ ਧੰਦੇ ਤੇ ਕਮਾਈਆਂ ਵਿੱਚ ਬਰਕਤ ਪਾਉਣ ਵਾਲੀ, ਲੜਾਈਆਂ ਵਿੱਚ ਸ਼ਕਤੀਆਂ ਬਖਸ਼ਣ ਵਾਲੀ, ਫੁੱਲਾਂ ਦੀ ਕਿਆਰੀ ਤੇ ਸੁੱਖਾਂ ਦੀ ਅਟਾਰੀ ਕਹਿ ਕੇ ਸਿਫਤ ਕਰਦਾ ਹੈ।

ਪ੍ਰਸ਼ਨ 35: ਚਿੜੀ ਨੇ ਸੱਪ ਨੂੰ ਆਉਂਦਿਆਂ ਦੇਖ ਕੀ ਕੀਤਾ?

ਉੱਤਰ: ਉਹ ਸੱਪ ਨੂੰ ਵੇਖ ਕੇ ਚੀਂ-ਚੀਂ ਕਰਕੇ ਰੌਲਾ ਪਾਉਣ ਲੱਗ ਪਈ।

ਪ੍ਰਸ਼ਨ 36: ਬਿੱਲੀ ਨੇ ਇਕਦਮ ਕੀ ਕੀਤਾ?

ਉੱਤਰ: ਬਿੱਲੀ ਨੇ ਇੱਕਦਮ ਆਪਣਾ ਪੰਜਾ ਸੱਪ ਦੀ ਪੂਛ ਉੱਤੇ ਜੜ ਦਿੱਤਾ।

ਪ੍ਰਸ਼ਨ 37: ਸੱਪ ਨੇ ਗੁੱਸੇ ਵਿੱਚ ਕੀ ਕੀਤਾ?

ਉੱਤਰ: ਸੱਪ ਗੁੱਸੇ ਵਿੱਚ ਪਿਛਾਂਹ ਵੱਲ ਨੂੰ ਪਰਤਿਆ।

ਪ੍ਰਸ਼ਨ 38: ਕੁੱਤੇ ਤੇ ਕੁੱਕੜ ਦਾ ਆਪਸ ਵਿੱਚ ਕੀ ਰਿਸ਼ਤਾ ਸੀ?

ਉੱਤਰ: ਕੁੱਤੇ ਤੇ ਕੁੱਕੜ ਦੀ ਆਪਸ ਵਿੱਚ ਪੱਕੀ ਅਤੇ ਸੱਚੀ ਮਿੱਤਰਤਾ ਦਾ ਰਿਸ਼ਤਾ ਸੀ।

ਪ੍ਰਸ਼ਨ 39: ਜੰਗਲ ਵਿੱਚ ਰਾਤ ਨੂੰ ਕੁੱਕੜ ਕਿੱਥੇ ਸੁੱਤਾ ਸੀ?

ਉੱਤਰ: ਜੰਗਲ ਵਿੱਚ ਰਾਤ ਨੂੰ ਕੱਕੜ ਰੁੱਖ ਉੱਤੇ ਚੜ ਕੇ ਸੁੱਤਾ ਸੀ।

ਪ੍ਰਸ਼ਨ 40: ਘੁੰਗਟ ਬਾਗ ਵਿੱਚ ਕਿਹੋ ਜਿਹੀ ਕਢਾਈ ਹੁੰਦੀ ਹੈ?

ਉੱਤਰ: ਘੁੰਗਟ ਬਾਗ ਵਿੱਚ ਤ੍ਰਿਕੋਣੀ ਸ਼ਕਲ ਵਿੱਚ ਕਢਾਈ ਕੀਤੀ ਹੁੰਦੀ ਹੈ।

ਪ੍ਰਸ਼ਨ 41: ਤਿੱਲ ਪੱਤਰਾ ਵਿੱਚ ਕੀਤੀ ਜਾਂਦੀ ਕਢਾਈ ਬਾਰੇ ਲਿਖੋ।

ਉੱਤਰ: ਤਿਲ-ਪੱਤਰਾ ਦੀ ਕਢਾਈ ਸਿਰਫ ਕੰਨੀਆਂ ਉੱਤੇ ਹੀ ਕੀਤੀ ਜਾਂਦੀ ਹੈ ਤੇ ਉਹ ਵੀ ਸਿੱਧੀ ਜਿਹੀ। ਵਿਚਾਲੇ ਵਿਰਲੀ ਵਿਰਲੀ ਕਢਾਈ ਕੀਤੀ ਜਾਂਦੀ ਹੈ।

ਪ੍ਰਸ਼ਨ 42: ਦਾਦੀ ਨੇ ਪੋਤਿਆਂ ਨੂੰ ਉਹਨਾਂ ਦੇ ਪਿਤਾ ਅਤੇ ਦਾਦੇ ਬਾਰੇ ਕੀ ਦੱਸਿਆ?

ਉੱਤਰ: ਉਹਨਾਂ ਦਾ ਪਿਤਾ ਗੁਰੂ ਗੋਬਿੰਦ ਸਿੰਘ ਹੈ ਤੇ ਉਹਨਾਂ ਦਾ ਦਾਦਾ ਗੁਰੂ ਤੇਗ ਬਹਾਦਰ ਹੈ ਜਿਸ ਨੇ ਹਿੰਦ ਦੀ ਚਾਦਰ ਬਣਕੇ ਦਿੱਲੀ ਵਿੱਚ ਆਪਣੇ ਸਿਰ ਦੀ ਕੁਰਬਾਨੀ ਦਿੱਤੀ ਸੀ।

ਪ੍ਰਸ਼ਨ 43: ਬੱਚੇ ਕਿਹੋ ਜਿਹੀ ਕੌਮ ਦੇ ਵਾਰਸ ਸਨ?

ਉੱਤਰ: ਜੋ ਧਰਮ ਦੇ ਹੱਕ ਸੱਚ ਦੀ ਲੜਾਈ ਲੜਦਿਆਂ ਕੁਰਬਾਨੀ ਕਰਨ ਤੋਂ ਕਦੇ ਵੀ ਡੋਲਦੀ ਨਹੀਂ ਸੀ ਇਹ ਜਿਹੀ ਕੌਮ ਦੇ ਵਾਰਸ ਸੀ।

ਪ੍ਰਸ਼ਨ 44: "ਨਿੱਕੀਆਂ ਜਿੰਦਾਂ ਵੱਡਾ ਸਾਕਾ ਕਿਸ ਇਤਿਹਾਸਕ ਘਟਨਾ ਨੂੰ ਕਿਹਾ ਗਿਆ ਹੈ?

ਉੱਤਰ: ਜਿਸ ਵਿੱਚ ਸਰਹਿੰਦ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜਾਦਿਆਂ ਨੂੰ ਵਜੀਰ ਖਾਂ ਦੇ ਹੁਕਮ ਨਾਲ ਜਿਉਂਦਿਆਂ ਨੂੰ ਨੀਂਹਾਂ ਵਿੱਚ ਚਿਣਾ ਕੇ ਸ਼ਹੀਦ ਕਰ ਦਿੱਤਾ ਗਿਆ।

ਪ੍ਰਸ਼ਨ 45: ਰੇਸ਼ਮ ਦੇ ਕੀੜੇ ਦੀ ਸ਼ਕਲ ਕਿਹੋ ਜਿਹੀ ਹੁੰਦੀ ਹੈ?

ਉੱਤਰ: ਰੇਸ਼ਮ ਦੇ ਕੀੜੇ ਦੀ ਸ਼ਕਲ ਅਜੀਬ ਜਿਹੀ ਹੁੰਦੀ ਹੈ। ਇਸਦੇ 16 ਪੈਰ ਤੇ 14 ਅੱਖਾਂ ਇਸਦੀ ਜਬਾੜਿਆਂ ਦੇ ਦੋਹੀਂ ਪਾਸੇ ਦੋ ਨਿੱਕੇ-ਨਿੱਕੇ ਸੁਰਾਖ ਹੁੰਦੇ ਹਨ।

ਪ੍ਰਸ਼ਨ 46: ਫਾਂਸੀ ਉੱਤੇ ਕੌਣ ਚੜਨ ਲੱਗੇ ਸਨ?

ਉੱਤਰ: ਫਾਂਸੀ ਉੱਤੇ ਦੇਸ਼ ਭਗਤ ਕਰਤਾਰ ਸਿੰਘ ਸਰਾਭਾ ਚੜ੍ਹਨ ਲੱਗੇ ਸਨ।

ਪ੍ਰਸ਼ਨ 4 7: ਇਸ ਪਾਠ ਵਿੱਚ ਕਿਹੜੇ ਰਸਤੇ ਦੀ ਗੱਲ ਕੀਤੀ ਗਈ ਹੈ?

ਉੱਤਰ: ਇਸ ਪਾਠ ਵਿੱਚ ਦੇਸ਼ ਪਿਆਰ ਦੇ ਰਸਤੇ ਉਤੇ ਤੁਰਦਿਆਂ ਜਾਨਾਂ ਦੀਆਂ ਕੁਰਬਾਨੀਆਂ ਕਰਨ ਦੇ ਰਾਹ ਕੀਤੀ ਗਈ ਹੈ।

ਪ੍ਰਸ਼ਨ 48: ਬੱਚੇ ਬੇਰੀ ਨੂੰ ਢੀਮਾਂ ਕਿਉਂ ਮਾਰ ਰਹੇ ਸਨ?

ਉੱਤਰ: ਬੱਚੇ ਬੇਰ ਤੋੜਨ ਲਈ ਬੇਰੀ ਦੇ ਢੀਮਾਂ ਮਾਰ ਰਹੇ ਸਨ।

ਪ੍ਰਸ਼ਨ 49: ਸਿਪਾਹੀ ਨੇ ਬੱਚੇ ਨੂੰ ਮਹਾਰਾਜ ਸਾਹਮਣੇ ਕਿਉਂ ਪੇਸ਼ ਕੀਤਾ?

ਉੱਤਰ:ਸਿਪਾਹੀ ਨੇ ਬੱਚੇ ਨੂੰ ਮਹਾਰਾਜ ਸਾਹਮਣੇ ਇਸ ਲਈ ਪੇਸ਼ ਕੀਤਾ ਕਿਉਂਕਿ ਬੱਚੇ ਨੇ ਮਹਾਰਾਜ ਨੂੰ ਪੱਥਰ ਮਾਰਿਆ ਸੀ।

ਪ੍ਰਸ਼ਨ 50: ਮਹਾਰਾਜ ਨੇ ਬੱਚੇ ਦੀ ਝੋਲੀ ਵਿੱਚ ਕੀ ਪਾਇਆ?

ਉੱਤਰ: ਮਹਾਰਾਜ ਨੇ ਬੱਚੇ ਦੀ ਝੋਲੀ ਵਿੱਚ ਪੰਜ ਮੋਹਰਾਂ ਪਾਈਆਂ।

ਪ੍ਰਸ਼ਨ 51:ਬੁੱਢੀ ਮਾਈ ਮਹਾਰਾਜ ਨਾਲ ਪਤੀਲਾ ਕਿਉਂ ਛੁਹਾਉਣਾ ਚਾਹੁੰਦੀ ਸੀ?

ਉੱਤਰ: ਬੁੱਢੀ ਮਾਈ ਮਹਾਰਾਜ ਨਾਲ ਪਤੀਲਾ ਇਸ ਕਰਕੇ ਛੁਹਾਉਣਾ ਚਾਹੁੰਦੀ ਸੀ ਕਿਉਂਕਿ ਜਦੋਂ ਉਹ ਪਤੀਲਾ ਮਹਾਰਾਜ ਨਾਲ ਛੁਹਾਵੇਗੀ ਤਾਂ ਇਹ ਸੋਨੇ ਦਾ ਬਣ ਜਾਵੇਗਾ।

ਪ੍ਰਸ਼ਨ 52: ਅਮਰੀਕ ਸਿੰਘ ਆਪਣੇ ਖੇਤ ਵਿੱਚ ਖੜੇ ਨਿੰਮ ਦੇ ਰੁੱਖ ਨੂੰ ਕਿਉਂ ਵੱਢਣਾ ਚਾਹੁੰਦਾ ਸੀ?

ਉੱਤਰ: ਕਿਉਂਕਿ ਇਹ ਨਿੰਮ ਦਾ ਰੁੱਖ ਹਰ ਸਾਲ ਕਣਕ ਅਤੇ ਝੋਨੇ ਦੀ ਵਢਾਈ ਵੇਲੇ ਉਸਦੀ ਕੰਬਾਇਨ ਨੂੰ ਅੜਿੱਕਾ ਲਾਉਂਦਾ ਸੀ।

ਪ੍ਰਸ਼ਨ 53: ਕੁਹਾੜੇ ਨੇ ਨਿੰਮ ਦੇ ਰੁੱਖ ਨੂੰ ਵੱਢਣ ਤੋਂ ਕਿਉਂ ਇਨਕਾਰ ਕਰ ਦਿੱਤਾ?

ਉੱਤਰ: ਕਿਉਂਕਿ ਖੇਤਾਂ ਵਿੱਚ ਇੱਕੋ ਰੁੱਖ ਰਹਿ ਗਿਆ ਸੀ। ਜੇ ਇਹ ਵੀ ਵੱਢ ਦਿੱਤਾ ਤਾਂ ਪੰਛੀ ਆਲ੍ਹਣਾ ਕਿੱਥੇ ਪਾਉਣਗੇ। ਅੰਡੇ ਕਿੱਥੇ ਦੇਣਗੇ?

ਪ੍ਰਸ਼ਨ 54: ਕਹੀ ਕਿਉਂ ਹੱਸ ਪਈ ਸੀ?

ਉੱਤਰ: ਕਿਉਂਕਿ ਉਸਨੇ ਦੇਖਿਆ ਸੀ ਕਿ ਅਮਰੀਕ ਸਿੰਘ ਨੇ ਉਸਨੂੰ ਨਿੰਮ ਵੱਢਣ ਲਈ ਵਰਤਣ ਦੀ ਥਾਂ ਨਵੇਂ ਰੁੱਖ ਲਾਉਣ ਖਾਤਰ ਟੋਏ ਪੁੱਟਣ ਲਈ ਵਰਤਣ ਦਾ ਫੈਸਲਾ ਕਰ ਲਿਆ ਸੀ।

ਪ੍ਰਸ਼ਨ 55: ਰੁੱਖਾਂ ਦੀ ਮਨੁੱਖੀ ਜੀਵਨ ਵਿੱਚ ਕੀ ਮਹੱਤਤਾ ਸੀ?

ਉੱਤਰ: ਇਹ ਸਾਨੂੰ ਸਾਹ ਲੈਣ ਲਈ ਆਕਸੀਜਨ ਦਿੰਦੇ ਹਨ। ਇਸ ਤੋਂ ਇਲਾਵਾ ਖਾਣ ਲਈ ਫਲ ਤੇ ਬਾਲਣ ਲਈ ਲੱਕੜ ਦਿੰਦੇ ਹਨ।

ਪ੍ਰਸ਼ਨ 56: ਕਲਪਨਾ ਚਾਵਲਾ ਕੌਣ ਸੀ? ਉਸਦੀ ਪ੍ਰਸਿੱਦੀ ਕਿਹੜੀ ਗੱਲੋਂ ਹੋਈ?

ਉੱਤਰ: ਕਲਪਨਾ ਚਾਵਲਾ ਅਮਰੀਕਾ ਦੀ ਸਪੇਸ ਸ਼ੱਟਲ ਵਿੱਚ ਉਡਾਰੀ ਲਾਉਣ ਵਾਲੀ ਭਾਰਤੀ ਕੁੜੀ ਸੀ। ਉਹ ਛੋਟੀ ਉਮਰ ਵਿੱਚ ਹੀ ਪੁਲਾੜ ਯਾਤਰੀ ਦੇ ਰੂਪ ਵਿੱਚ ਪ੍ਰਸਿੱਧ ਹੋ ਗਈ।

ਪ੍ਰਸ਼ਨ 57: ਕਲਪਨਾ ਚਾਵਲਾ ਨੇ ਮੁੱਢਲੀ ਪੜ੍ਹਾਈ ਕਿੱਥੋਂ ਪ੍ਰਾਪਤ ਕੀਤੀ:

ਉੱਤਰ: ਕਲਪਨਾ ਚਾਵਲਾ ਨੇ ਮੁੱਢਲੀ ਪੜ੍ਹਾਈ ਕਰਨਾਲ ਦੇ ਟੈਗੋਰ ਬਾਲ ਨਿਕੇਤਨ ਵਿੱਚ ਕੀਤੀ।

ਪ੍ਰਸ਼ਨ 56: ਕਲਪਨਾ ਚਾਵਲਾ ਦੇ ਸ਼ੌਕ ਕੀ-ਕੀ ਸਨ?

ਉੱਤਰ: ਜਹਾਜਾਂ ਨੂੰ ਉਡਾਉਣਾ, ਮੰਜੇ ਤੇ ਪਈ ਤਾਰੇ ਦੇਖਦੀ ਰਹਿਣਾ, ਦੂਰਬੀਨ ਨਾਲ ਅਕਾਸ਼ ਵਿੱਚ ਦੂਰ ਤੱਕ ਦੇਖਣਾ, ਬਚਪਨ ਵਿੱਚ ਹੀ ਅਕਾਸ਼ ਵਿੱਚ ਉਡਾਰੀਆਂ ਲਾਉਣ ਬਾਰੇ ਸੁਪਨੇ ਲੈਣਾ।

ਪ੍ਰਸ਼ਨ 57: ਕਲਪਨਾ ਚਾਵਲਾ ਦੀ ਪਹਿਲੀ ਸਪੇਸ ਸ਼ੱਟਲ ਨੇ ਧਰਤੀ ਦੁਆਲੇ ਕਿੰਨੇ ਚੱਕਰ ਕੱਟੇ ਤੇ ਕਿੰਨੇ ਦਿਨ ਪੁਲਾੜ ਵਿੱਚ ਘੁੰਮਦੀ ਰਹੀ?

ਉੱਤਰ: ਕਲਪਨਾ ਚਾਵਲਾ ਨੇ ਧਰਤੀ ਦੁਆਲੇ 252 ਚੱਕਰ ਕੱਟੇ ਤੇ 16 ਦਿਨ ਪੁਲਾੜ ਵਿੱਚ ਘੁੰਮਦੀ ਰਹੀ।

ਪ੍ਰਸ਼ਨ 58: ਗੜ੍ਹੀ ਵਿੱਚ ਕੀ ਹੋਇਆ ਸੀ?

ਉੱਤਰ: ਕਬਾਇਲੀਆਂ ਦੇ ਗੜ੍ਹੀ ਉੱਤੇ ਹਮਲਾ ਕਰਨ ਨਾਲ ਕਾਲੀ ਘਟਾ ਛਾ ਗਈ ਸੀ।

ਪ੍ਰਸ਼ਨ 59: ਕਰਨਲ ਦੁਆਰਾ ਸੈਨਿਕਾਂ ਨੂੰ ਕੀ ਕਿਹਾ ਗਿਆ ਸੀ?

ਉੱਤਰ: ਕਰਨਲ ਨੇ ਸੈਨਿਕਾਂ ਨੂੰ ਗੜ੍ਹੀ ਛੱਡਣ ਲਈ ਕਿਹੀ ਸੀ।

ਪ੍ਰਸ਼ਨ 60: ਇਸ ਕਵਿਤਾ ਵਿੱਚ ਕਿਸ ਮਿਸਾਲ ਦੀ ਗੱਲ ਕੀਤੀ ਗਈ ਹੈ?

ਉੱਤਰ: ਸਾਰਾਗੜ੍ਹੀ ਕਵਿਤਾ ਵਿੱਚ ਆਪਣੇ ਜਾਨ ਵਾਰ ਕੇ ਦੇਸ਼ ਦੀ ਰੱਖਿਆ ਕਰਨ ਦੀ ਮਿਸਾਲ ਦਿੱਤੀ ਗਈ ਹੈ।

ਪ੍ਰਸ਼ਨ 61: ਸ਼ਾਰਦਾ ਭੈਣਜੀ ਦਾ ਹੱਥ ਕਿਸਨੇ ਫੜਿਆ ਹੋਇਆ ਸੀ?

ਉੱਤਰ: ਸ਼ਾਰਦਾ ਭੈਣਜੀ ਦਾ ਹੱਥ ਮਨਜੀਤ ਭੈਣਜੀ ਨੇ ਫੜਿਆ ਹੋਇਆ ਸੀ

ਪ੍ਰਸ਼ਨ 62: ਸ਼ਾਰਦਾ ਭੈਣਜੀ ਨਦੀ ਵਿੱਚ ਕਿਉਂ ਰੁੜਨ ਲੱਗ ਪਏ ਸਨ?

ਉੱਤਰ: ਕਿਉਂਕਿ ਉਨ੍ਹਾਂ ਦਾ ਹੱਥ ਮਨਜੀਤ ਭੈਣਜੀ ਦੇ ਹੱਥੋਂ ਛੁਟ ਗਿਆ ਸੀ।

ਲਿੰਗ ਬਦਲੋ

| | ਪੁਲਿੰਗ | ਇਸਤਰੀ ਲਿੰਗ | | ਪੁਲਿੰਗ | ਇਸਤਰੀ ਲਿੰਗ |
|---|---|---|---|---|---|
| 1 | ਕਬੂਤਰ | ਕਬੂਤਰੀ | 2 | ਟੋਪ | ਟੋਪੀ |
| 3 | ਠੇਕੇਦਾਰ | ਠੇਕੇਦਾਰਨੀ | 4 | ਅਧਿਆਪਕ | ਅਧਿਆਪਕਾ |
| 5 | ਸਰਦਾਰ | ਸਰਦਾਰਨੀ | 6 | ਮਹਾਰਾਜਾ | ਮਹਾਰਾਣੀ |
| 7 | ਪਿਤਾ | ਮਾਤਾ | 8 | ਭਰਾ | ਭੈਣ |

| | | | | | |
|---|---|---|---|---|---|
| 9 | ਪਤੀ | ਪਤਨੀ | 10 | ਘੋੜਾ | ਘੋੜੀ |
| 11 | ਲੇਖਕ | ਲੇਖਿਕਾ | 12 | ਕੁੱਤਾ | ਕੁੱਤੀ |
| 13 | ਮਾਮਾ | ਮਾਮੀ | 14 | ਚਾਚਾ | ਚਾਚੀ |
| 15 | ਨਾਨਾ | ਨਾਨੀ | 16 | ਦਾਦਾ | ਦਾਦੀ |
| 17 | ਹਿਰਨ | ਹਿਰਨੀ | 18 | ਪੁੱਤਰ | ਪੁੱਤਰੀ |
| 19 | ਲੜਕਾ | ਲੜਕੀ | 20 | ਬਾਜੀਗਰ | ਬਾਜੀਗਰਨੀ |
| 21 | ਦਿਓਰ | ਦਿਓਰਾਨੀ | 22 | ਭਗਤ | ਭਗਤਣੀ |
| 23 | ਸੱਪ | ਸੱਪਣੀ | 24 | ਰਾਜਾ | ਰਾਣੀ |
| 25 | ਬਾਲ | ਬਾਲੜੀ | 26 | ਖੋਤਾ | ਖੋਤੀ |
| 27 | ਖਿਡਾਰੀ | ਖਿਡਾਰਨ | 28 | ਮਾਲੀ | ਮਾਲਣ |
| 29 | ਗਿਲਾਸ | ਗਿਲਾਸੀ | 30 | ਵੀਰ | ਭਾਬੀ |

## ਬਚਨ ਬਦਲੋਂ

| | ਇੱਕ ਵਚਨ | ਬਹੂ ਵਚਨ | | ਇੱਕ ਵਚਨ | ਬਹੂ ਵਚਨ |
|---|---|---|---|---|---|
| 1 | ਬੇਟਾ | ਬੇਟੇ | 2 | ਧਾਗਾ | ਧਾਗੇਂ |
| 3 | ਚਾਚਾ | ਚਾਚੇ | 4 | ਮਾਮਾ | ਮਾਮੇ |
| 5 | ਚਾਚੀ | ਚਾਚੀਆਂ | 6 | ਮਾਮੀ | ਮਾਮੀਆਂ |
| 7 | ਕੁਰਸੀ | ਕੁਰਸੀਆਂ | 8 | ਕਿਤਾਬ | ਕਿਤਾਬਾ |
| 9 | ਲੜਕਾ | ਲੜਕੇ | 10 | ਨਦੀ | ਨਦੀਆਂ |
| 11 | ਬੱਚਾ | ਬੱਚੇ | 12 | ਕਹਾਣੀ | ਕਹਾਣੀਆਂ |

| | | | | | |
|---|---|---|---|---|---|
| 13 | ਛੁੱਟੀ | ਛੁੱਟੀਆਂ | 14 | ਝੰਡਾਂ | ਝੰਡੇ |
| 15 | ਘੋੜਾ | ਘੋੜੇ | 16 | ਤਿੱਤਲੀ | ਤਿੱਤਲੀਆਂ |
| 17 | ਕੁੜੀ | ਕੁੜੀਆਂ | 18 | ਕਾਰ | ਕਾਰਾ |
| 19 | ਖੇਤ | ਖੇਤਾਂ | 20 | ਅੱਖ | ਅੱਖਾਂ |

ਵਿਰੋਧੀ ਸਬਦ

| | | | | | |
|---|---|---|---|---|---|
| 1 | ਉਧਮੀ | ਆਲਸੀ | 2 | ਆਕੜ | ਨਿਮਰਤਾ |
| 3 | ਉੱਚੀ | ਹੋਲੀ | 4 | ਆਦਰ | ਨਿਰਾਦਰ |
| 5 | ਉੱਪਰ | ਹੇਠਾ | 6 | ਆਦਿ | ਅੰਤ |
| 7 | ਉਸਤਤ | ਨਿੰਦਿਆਂ | 8 | ਰਾਤ | ਦਿਨ |
| 9 | ਮਿੱਠਾ | ਖੱਟਾ | 10 | ਕਾਲਾ | ਚਿੱਟਾ |
| 11 | ਅਸਲੀ | ਨਕਲੀ | 12 | ਅਮੀਰ | ਗਰੀਬ |
| 13 | ਅਜਾਦੀ | ਗੁਲਾਮੀ | 14 | ਸਵਰਗ | ਨਰਕ |
| 15 | ਸਰਦੀ | ਗਰਮੀ | 16 | ਸੱਚ | ਝੂਠ |
| 17 | ਸਿਆਣਾ | ਕਮਲਾ | 18 | ਸੁਕਾ | ਗਿਲਾ |
| 19 | ਸਸਤਾ | ਮਹਿੰਗਾ | 20 | ਅਪਣਾ | ਪਰਾਇਆ |
| 21 | ਉੱਚਾ | ਨੀਵਾਂ | 22 | ਉਠਣਾ | ਬੇਠਣਾ |
| 23 | ਅੰਦਰ | ਬਾਹਰ | 24 | ਸਹੀ | ਗਲਤ |
| 25 | ਸਿੱਧਾ | ਪੁੱਠਾ | 26 | ਉੱਤਰਨਾ | ਚੱੜਨਾ |

| | | | | | |
|---|---|---|---|---|---|
| **27** | ਏਕਤਾ | ਫੁੱਟ | 28 | ਇੱਜਤ | ਬੇਇਜਤੀ |
| **29** | ਆਮ | ਖਾਸ | 30 | ਐਖ | ਸੌਖ |

ਸ਼ੁੱਧ- ਅਸ਼ੁੱਧ

| | ਅਸੁੱਧ | ਸ਼ੁੱਧ | | ਅਸ਼ੁੱਧ | ਸ਼ੁੱਧ |
|---|---|---|---|---|---|
| **1** | ਪਰੇਮ | ਪ੍ਰੇਮ | 2 | ਪ੍ਰੰਤੂ | ਪਰੰਤੂ |
| **3** | ਪਰਿੰਸੀਪਲ | ਪ੍ਰਿੰਸੀਪਲ | 4 | ਮਿਤ੍ਰ | ਮਿੱਤਰ |
| **5** | ਪਰੈਸ | ਪ੍ਰੈੱਸ | 6 | ਇੰਦ੍ਰ | ਇੰਦਰ |
| **7** | ਪਰਸ਼ਨ | ਪ੍ਰਸ਼ਨ | 8 | ਵਰ੍ਹਣਾ | ਵਰ੍ਹਨਾ |
| **9** | ਖੁਰਣਾ | ਖੁਰਨਾ | 10 | ਸੇਹਤ | ਸਿਹਤ |
| **11** | ਸੁਹਣਾ | ਸੋਹਣਾ | 12 | ਲੋਬ | ਲੋਭ |
| **13** | ਸਬ | ਸਭ | 14 | ਬਚੌਣਾ | ਬਚਾਉਣਾ |
| **15** | ਭਾਂਭੜ | ਭਾਂਬੜ | 16 | ਗੋਬੀ | ਗੋਭੀ |
| **17** | ਘਭਰਾਹਟ | ਘਬਰਾਹਟ | 18 | ਐਮੇਂ | ਐਵੇਂ |
| **19** | ਸੇਮੀਆਂ | ਸੇਵੀਆਂ | 20 | ਕਿਮੇਂ | ਕਿਵੇਂ |
| **21** | ਜਰੁਰੀ | ਜ਼ਰੂਰੀ | 21 | ਸਿਰੀਮਾਨ | ਸ੍ਰੀਮਾਨ |
| **22** | ਕਰੋਧ | ਕ੍ਰੋਧ | 23 | ਚਿਤ੍ਰਕਾਰਚਿਤਰਕਾਰ | |
| **24** | ਇਸਤ੍ਰੀ | ਇਸਤਰੀ | 26 | ਪਰਮਾਤਮਾ | ਪ੍ਰਮਾਤਮਾ |
| **27** | ਜਮੀਨ | ਜਮੀਨ | 28 | ਅਨਜਾਨ | ਅਣਜਾਣ |
| **29** | ਕਿਨਹਾ | ਕਿਨ੍ਹਾ | 30 | ਹੋਸਿਆਰਪੁਰ | ਹੁਸ਼ਿਆਰਪੁਰ |

# ਪੱਤਰ

ਤੁਹਾਡੇ ਚਾਚਾ ਜੀ ਨੇ ਤੁਹਾਡੇ ਜਨਮ ਦਿਨ ਤੇ ਤੁਹਾਨੂੰ ਇੱਕ ਗੁੱਟ ਘੜੀ ਭੇਜੀ ਹੈ ਇੱਕ ਚਿੱਠੀ ਰਾਹੀ ਉਨ੍ਹਾਂ ਦਾ ਧੰਨਵਾਦ ਕਰੋਂ ।

ਪ੍ਰਿਖਿਆ ਭਵਨ,

.......................................................................ਸਕੂਲ

...........................................................................ਸ਼ਹਿਰ

ਮਿਤੀ ..........................................

ਸਤਿਕਾਰ ਯੋਗ ਚਾਚਾ ਜੀ, ਸਤਿ ਸ੍ਰੀ ਅਕਾਲ,

ਮੈਨੂੰ ਕੱਲ੍ਹ ਆਪਣੇ ਜਨਮ ਦਿਨ ਉੱਤੇ ਤੁਹਾਡੀ ਭੇਜੀ ਹੋਈ ਗੁੱਟ ਘੜੀ ਮਿਲ ਗਈ ਹੈ ਇਹ ਬਹੁਤ ਸੋਹਣੀ ਹੈ । ਮੇਰੇ/ ਮੇਰੀਆਂ ਮਿੱਤਰ/ ਸਹੇਲੀਆਂ ਨੇ ਇਸ ਘੜੀ ਦੀ ਬਹੁਤ ਪ੍ਰਸੰਸਾ ਕੀਤੀ ਹੈ । ਮੈਨੂੰ ਇਸ ਦੀ ਬਹੁਤ ਜਰੂਰਤ ਸੀ ਮੈਂ ਆਪ ਜੀ ਵੱਲੋਂ ਭੇਜੇ ਇਸ ਤੋਹਫੇ ਲਈ ਆਪ ਦਾ ਬਹੁਤ ਧੰਨਵਾਦ ਕਰਦਾ/ ਕਰਦੀ ਹਾਂ ।

ਆਪ ਜੀ ਦਾ/ਦੀ ਭਤੀਜਾ/ ਭਤੀਜੀ

.................................................................

.................................................................

ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਬਿਮਾਰੀ ਦੀ ਛੁੱਟੀ ਲੈਣ ਲਈ ਬਿਨੈ ਪੱਤਰ ਲਿਖੋ ।

ਸੇਵਾ ਵਿਖੇ,**ਸੇਵਾ ਵਿਖੇ,**

**ਮੁੱਖ ਅਧਿਆਪਕ ਜੀ,**

**ਸ.ਅ. ਸਕੂਲ**...........................

ਮੁੱਖ ਅਧਿਆਪਕ ਜੀ, ਬੇਨਤੀ ਹੈ ਕਿ ਮੈਂ ਬਿਮਾਰ ਹਾਂ,**ਸ੍ਰੀ ਮਾਨ ਜੀ**

**ਬੇਨਤੀ ਹੈ ਕਿ ਮੈਨੂੰ ਕੱਲ ਸਕੂਲ ਤੋਂ ਜਾਂਦੀਆ ਬੁਖਾਰ ਹੋ ਗਿਆ ਹੈ** ਇਸ ਕਰਕੇ ਮੈਂ ਅੱਜ ਸਕੂਲ ਦੇ ਵਿੱਚ ਨਹੀਂ ਆ ਸਕਦਾ/ ਸਕਦੀ। ਕਿਰਪਾ ਕਰਕੇ ਮੈਨੂੰ ਇੱਕ ਦਿਨ ਦੀ ਛੁੱਟੀ ਦਿੱਤੀ ਜਾਵੇ ਮੈਂ ਆਪ ਜੀ ਦੀ ਬਹੁਤ ਧੰਨਵਾਦੀ ਹੋਵਾਂਗਾ/ ਹੋਵਾਂਗੀ ।

ਆਪ ਜੀ ਦਾ/ਦੀ ਆਗਿਆਕਾਰੀ,

ਮਿਤੀ .........................

ਨਾਮ.........................................................

ਕਲਾਸ.......................................................

ਰੋਲ ਨੰਬਰ ..............................................

**ਆਪ**ਣੇ ਸਕੂਲ ਦੇ ਮੁੱਖ ਅਧਿਆਪਕ  ਨੂੰ ਜੁਰਮਾਨਾ ਮੁਆਫੀ ਲੈਣ ਲਈ ਬਿਨੈ ਪੱਤਰ ਲਿਖੋ ।

ਸੇਵਾ ਵਿਖੇ,**ਸੇਵਾ ਵਿਖੇ,**

**ਮੁੱਖ ਅਧਿਆਪਕ ਜੀ,**

**ਸ.ਅ.ਸਕੂਲ**

**..................................**

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਮੈਂ ਆਪ ਜੀ ਦੇ ਸਕੂਲ ਵਿੱਚ ਅੱਠਵੀਂ ਜਮਾਤ ਦੀ ਵਿਦਿਆਰਥਣ ਹਾਂ ਪਿਛਲੇ ਮਹੀਨੇ ਮੈਂ ਹਿਸਾਬ ਦਾ ਪੇਪਰ ਨਹੀਂ ਦੇ ਸਕੀ ਜਿਸ ਕਰਕੇ ਮੈਨੂੰ 50 ਰੁਪਏ ਜੁਰਮਾਨਾਂ ਕਰਕ ਦਿੱਤਾ ਗਿਆ ਹੈ। ਮੈਂ ਪੜ੍ਹਨ ਵਿੱਚ ਹੁਸ਼ਿਆਰ ਹਾਂ ਮੇਰੇ ਪਿਤਾ ਦੀ ਆਮਦਨ ਬਹੁਤ ਘੱਟ  ਹੈ । ਮੇਰਾ ਜੁਰਮਾਨਾ ਮੁਆਫ ਕੀਤਾ ਜਾਵੇ ਜੀ।  ਮੈਂ ਆਪ ਜੀ ਦੀ ਬਹੁਤ ਧੰਨਵਾਦੀ ਹੋਵਾਂਗਾ/ ਹੋਵਾਂਗੀ ।

ਆਪ ਜੀ ਦਾ/ਦੀ ਆਗਿਆਕਾਰੀ,

ਮਿਤੀ .........................

ਨਾਮ............................................................

ਕਲਾਸ........................................................

ਰੋਲ ਨੰਬਰ ...............................................

ਤੁਹਾਡੇ ਮਿੱਤਰ ਜਾਂ ਸ਼ਹੇਲੀ ਛੇਵੀਂ ਚੋ ਪਾਸ ਹੋਣ ਉਪਰੰਤ ਵਧਾਈ ਪੱਤਰ ।

ਪ੍ਰਿਖਿਆ ਭਵਨ,

.......................................................................ਸਕੂਲ

.......................................................................ਸ਼ਹਿਰ

ਮਿਤੀ ..........................................

ਪਿਆਰੀ ਸ਼ੇਹਲੀ/ ਮਿੱਤਰ,

ਮੈਨੂੰ ਕੱਲ੍ਹ ਹੀ ਮਾਤਾ ਜੀ ਦੀ ਚਿੱਠੀ ਮਿਲੀ ਜਿਸ ਵਿੱਚ ਪੜ੍ਹ ਕੇ ਬਹੁਤ ਖੁਸ਼ੀ ਹੋਈ ਕੀ ਤੂੰ ਆਪਣੀ ਜਮਾਤ ਵਿੱਚੋਂ ਪਹਿਲੇ ਨੰਬਰ ਤੇ ਰਹਿ ਕੇ ਜਮਾਤ ਪਾਸ ਕੀਤੀ ਹੈ। ਤੈਨੂੰ ਤੇਰੀ ਸਫਲਤਾ ਦੀ ਲੱਖ-ਲੱਖ ਵਧਾਈ ।

ਤੇਰੀ ਸ਼ਹੇਲੀ/ ਮਿੱਤਰ

.................................................................

.................................................................

ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਜਰੂਰੀ ਕੰਮ ਸਬੰਧੀ ਬਿਨੈ ਪੱਤਰ ਲਿਖੋ ।

ਸੇਵਾ ਵਿਖੇ,**ਸੇਵਾ ਵਿਖੇ,**

**ਮੁੱਖ ਅਧਿਆਪਕ ਜੀ,**

**ਸ.ਅ.ਸਕੂਲ**

............................................

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਮੈਂਨੂੰ ਘਰ ਵਿੱਚ ਜਰੂਰੀ ਕੰਮ ਪੈ ਗਿਆ ਹੈ ਮੈਂ ਸਕੁਲ ਨਹੀਂ ਆ ਸਕਦੀ/ ਸਕਦਾ ਕਿਰਪਾ ਕਰਕੇ ਮੈਨੂੰ ਇੱਕ ਦਿਨ ਦੀ ਛੁੱਟੀ ਦਿੱਤੀ ਜਾਵੇ ਜੀ।ਮੈਂ ਆਪ ਜੀ ਦੀ ਬਹੁਤ ਧੰਨਵਾਦੀ ਹੋਵਾਂਗਾ/ ਹੋਵਾਂਗੀ ।

ਆਪ ਜੀ ਦਾ/ਦੀ ਆਗਿਆਕਾਰੀ,

ਮਿਤੀ .........................

ਨਾਮ...............................................

ਕਲਾਸ.......................................................

ਰੋਲ ਨੰਬਰ ..............................................

ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ **ਸਕੂਲ ਛੱਡਣ ਦਾ ਸਰਟੀਫਿਕੇਟ** ਲੈਣ ਲਈ ਬਿਨੈ ਪੱਤਰ ਲਿਖੋ।

ਸੇਵਾ ਵਿਖੇ,**ਸੇਵਾ ਵਿਖੇ,**

**ਮੁੱਖ ਅਧਿਆਪਕ ਜੀ,**

ਮੁੱਖ ਅਧਿਆਪਕ ਜੀ, **ਸ.ਅ.ਸਕੂਲ**

........................................ਸਕੂਲ, ........................................

ਬੇਨਤੀ ਹੈ ਕਿ ਮੈਂ ਆਪ ਜੀ ਦੇ ਸਕੂਲ ਵਿੱਚ ਅਠਵੀਂ ਜਮਾਤ ਵਿੰਚ ਪੜ੍ਹਦੀ ਸੀ ਹੁਣ ਮੈਂ ਅੱਠਵੀਂ ਜਮਾਤ ਪਾਸ ਕਰ ਲਈ ਹੈ ਮੈਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਦਿੱਤਾ ਜਾਵੇ ਜੀ।ਮੈਂ ਆਪ ਜੀ ਦੀ ਬਹੁਤ ਧੰਨਵਾਦੀ ਹੋਵਾਂਗਾ/ ਹੋਵਾਂਗੀ।

ਆਪ ਜੀ ਦਾ/ਦੀ ਆਗਿਆਕਾਰੀ,

ਮਿਤੀ .........................

ਨਾਮ...............................................

ਕਲਾਸ.......................................................

ਰੋਲ ਨੰਬਰ ..............................................

# ਲੇਖ

ਮੇਰਾ ਮਿੱਤਰ/ ਮੇਰੀ ਸਹੇਲੀ

ਮੇਰੇ ਮਿੱਤਰ/ਸਹੇਲੀ ਦਾ ਨਾਮ..........................ਹੈ ਉਹ ਮੇਰੀ ਜਮਾਤ ਵਿੱਚ ਪੜ੍ਹਦਾ/ਪੜ੍ਹਦੀ ਹੈ। ਉਸ ਦੇ ਪਿਤਾ ਜੀ ਡਾਕਟਰ ਹਨ ਅਤੇ ਮਾਤਾ ਜੀ ਅਧਿਆਪਕ ਹਨ। ਉਹ ਹਰ ਰੋਜ ਸਵੇਰੇ ਜਲਦੀ ਉੱਠਦਾ/ ਉੱਠਦੀ ਹੈ। ਸਵੇਰੇ ਜਲਦੀ ਉੱਠ ਕੇ ਬੁਰਸ਼ ਅਤੇ ਇਸ਼ਨਾਨ ਕਰਕੇ ਤਿਆਰ ਹੋ ਜਾਂਦਾ ਹੈ। ਉਹ ਹਰ ਰੋਜ਼ ਖਾਣਾ ਸਮੇਂ ਸਿਰ ਖਾਂਦਾ/ ਖਾਂਦੀ ਹੈ। ਉਹ ਹਮੇਸ਼ਾ ਵਰਦੀ ਵਿੱਚ ਸਕੂਲ ਆਉਦਾ /ਆਉਦੀ ਹੈ। ਉਹ ਮੇਰੀ ਜਮਾਤ ਦਾ ਮੋਨੀਟਰ ਹੈ। ਉਹ ਖੇਡਾਂ ਵਿੱਚ ਵੀ ਚੰਗੇ ਨੰਬਰ ਤੇ ਆਉਦਾ ਹੈ।ਅਸੀ ਇਕੱਠੇ ਪੜ੍ਹਦੇ ਹਾਂ। ਉਹ ਪੜ੍ਹਾਈ ਵਿੱਚ ਕਮਜੋਰ ਬੱਚਿਆ ਦੀ ਸਹਾਇਤਾ ਕਰਦਾ/ਕਰਦੀ ਹੈ।ਉਹ ਵਧਿਆ ਖਿਡਾਰੀ ਹੈ ਉਹ ਸਾਲ ਪਹਿਲੇ ਨੰਬਰ ਤੇ ਆਉਦਾ/ਆਉਦੀ ਹੈ ।ਉਹ ਵੱਡਿਆ ਦਾ ਸਤਿਕਾਰ ਕਰਦਾ/ ਕਰਦੀ ਹੈ। ਸਾਰੇ ਅਧਿਆਪਕ ਉਸਨੂੰ ਪਿਆਰ ਕਰਦੇ ਹਨ। ਮੈਨੂੰ ਮੇਰੇ ਮਿੱਤਰ/ ਸਹੇਲੀ ਤੇ ਮਾਣ ਹੈ

## ਮੇਰਾ ਸਕੂਲ

ਮੇਰੇ ਸਕੂਲ ਦਾ ਨਾਂ .......................... ਹੈ। ਇਥੇ ਪਹਿਲੀ ਕਲਾਸ ਤੋਂ ਅੱਠਵੀ ਕਲਾਸ ਤਕ ਪੜ੍ਹਾਈ ਹੁੰਦੀ ਹੈ। ਮੇਰੇ ਸਕੂਲ ਦੇ ਸਾਰੇ ਅਧਿਆਪਕ ਬਹੁਤ ਮੇਹਨਤੀ ਹਨ। ਮੇਰੇ ਸਕੂਲ ਵਿਚ ਕੁਲ 150 ਬੱਚੇ ਪੜ੍ਹਦੇ ਹਨ। ਸਾਡੇ ਸਕੂਲ ਵਿਚ ਹਿਸਾਬ ਵਗਿਆਨ ਅਤੇ ਕੰਪਿਊਟਰ ਦੀ ਪ੍ਰਾਯੋਗ ਸ਼ਾਲਾ ਵੀ ਹੈ ਜਿਥੇ ਅਸੀਂ ਬੜੇ ਚਾਅ ਨਾਲ ਪ੍ਰਯੋਗ ਕਰਦੇ ਹਾਂ। ਇਥੇ ਦੁਪਹਿਰ ਨੂੰ ਬਿਨਾ ਕਿਸੇ ਰੁਪਏ ਲਏ ਦੁਪਹਿਰ ਦਾ ਭੋਜਨ ਮੁਫ਼ਤ ਮਿਲਦਾ ਹੈ। ਮੇਰੇ ਸਕੂਲ ਦਾ ਨਤੀਜਾ ਹਰ ਸਾਲ ਵਧੀਆ ਆਉਂਦਾ ਹੈ। ਮੇਰੇ ਸਕੂਲ ਵਿਚ ਖੇਡਾਂ ਵੀ ਕਾਰਵਾਈਆਂ ਜਾਂਦੀਆਂ ਹਨ ਮੈਨੂੰ ਮੇਰੇ ਸਕੂਲ ਤੇ ਮਾਣ ਹੈ।

## ਦੁਸਹਿਰਾ

ਦੁਸਹਿਰੇ ਦਾ ਤਿਉਹਾਰ ਅਕਤੂਬਰ ਮਹੀਨੇ ਵਿਚ ਮਨਾਇਆ ਜਾਂਦਾ ਹੈ। ਇਸ ਤਿਉਹਾਰ ਨੂੰ ਮਨਾਉਣ ਪਿੱਛੇ ਇਹ ਲੋਕ ਕਥਾ ਹੈ ਕਿ ਲੰਕਾ ਦੇ ਰਾਜੇ ਰਾਵਣ ਨੇ ਸ੍ਰੀ ਰਾਮ ਜੀ ਦੇ ਬਣਵਾਸ ਸਮੇ ਧੋਖੇ ਨਾਲ ਸੀਤਾ ਜੀ ਦਾ ਅਪਹਰਣ ਕਰ ਲਿਆ ਸੀ ,ਫਿਰ ਸ੍ਰੀ ਰਾਮ ਜੀ ਨੇ ਹਨੂੰਮਾਨ,ਸੁਖਰੀਵ ਅਤੇ ਭਵੀਸਨ ਨਾਲ ਮਿਲ ਕੇ ਲੰਕਾ ਤੇ ਹਮਲਾ ਕਰ ਦਿਤਾ ਅਤੇ ਸ੍ਰੀ ਰਾਮ ਜੀ ਨੇ ਰਾਵਣ ਨੂੰ ਮਾਰ ਦਿਤਾ। ਓਦੋਂ ਤੋਂ ਇਹ ਤਿਉਹਾਰ ਮਨਾਇਆ ਜਾਂਦਾ ਹੈ। ਦੁਸਹਿਰੇ ਦੇ ਤਿਉਹਾਰ ਤੋਂ ਨੋ ਦਿਨ ਪਹਿਲਾਂ ਜਗ੍ਹਾ - ਜਗ੍ਹਾ ਰਾਮਲੀਲਾ ਕਰਵਾਈ ਜਾਂਦੀ ਹੈ

ਅਤੇ ਦੁਸਹਿਰਾ ਰਾਮਲੀਲਾ ਦੇ ਆਖਿਰ ਦਿਨ ਹੁੰਦਾ ਹੈ ਸ਼ਾਮ ਸਮੇ ਰਾਵਣ ,ਕੁੰਭਕਰਣ ,ਅਤੇ ਮੇਘਨਾਥ ਦੇ ਪੁਤਲੇ ਬਣਾਕੇ ਜਲਾਏ ਜਾਂਦੇ ਹਨ। ਸਾਰੇ ਲੋਕ ਇਸ ਨੂੰ ਦੇਖਣ ਜਾਂਦੇ ਨੇ ਅਤੇ ਖੁਸ਼ੀ ਨਾਲ ਆਪਣੇ ਘਰ ਵਾਪਿਸ ਆ ਜਾਂਦੇ ਹਨ।

## ਸ਼੍ਰੀ ਗੁਰੂ ਨਾਨਕ ਦੇਵ ਜੀ

ਸ਼੍ਰੀ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਹਨ। ਜਿਨ੍ਹਾਂ ਦਾ ਜਨਮ **15** ਅਪ੍ਰੈਲ **1469** ਨੂੰ ਤਲਵੰਡੀ ਨਨਕਾਣਾ ਸਾਹਿਬ(ਪਾਕਿਸਤਾਨ) ਵਿਖੇ ਹੋਇਆ। ਉਨ੍ਹਾ ਦੇ ਪਿਤਾ ਦਾ ਨਾਮ ਮਹਿਤਾ ਕਾਲੁ ਅਤੇ ਮਾਤਾ ਦਾ ਨਾਮ ਤ੍ਰਿਪਤਾ ਦੇਵੀ ਸੀ। ਉਨ੍ਹਾਂ ਦੀ ਵੱਡੀ ਭੈਣ ਨਾਨਕੀ ਅਤੇ ਪਤਨੀ ਦਾ ਨਾਮ ਸੁਲੱਖਣੀ ਦੇਵੀ ਸੀ। ਉਨ੍ਹਾਂ ਦੇ ਦੋ ਪੁੱਤਰ ਬਾਬਾ ਸ਼੍ਰੀ ਚੰਦ ਅਤੇ ਬਾਬਾ ਲੱਛਮੀ ਚੰਦ ਹੋਏ ਹਨ। ਗੁਰੂ ਨਾਨਕ ਜੀ ਮਰਦਾਨਾ ਜੀ ਦੇ ਨਾਲ ਚਾਰੋ ਦਿਸ਼ਾਂਵਾਂ ਵਿਚ ਪੱਚੀ ਸਾਲ ਤਕ ਯਾਤਰਾਂਵਾਂ ਕਰਦੇ ਰਹੇ ਅਤੇ ਉਨ੍ਹਾਂ ਨੂੰ ਚਾਰ ਉਦਾਸੀਆਂ ਕਿਹਾ ਜਾਂਦਾ ਹੈ। ਆਪ ਜੀ ਦੀ ਬਾਣੀ ਸ਼੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ। ਆਪ ਜੀ ਨੇ ਛੂਤ-ਛਾਤ, ਪਾਖੰਡ ਅਤੇ ਅੰਧ ਵਿਸ਼ਵਾਸ਼ਾਂ ਦਾ ਖੰਡਣ ਕੀਤਾ ਅਤੇ ਲੋਕਾਂ ਨੂੰ ਸਿੱਧੇ ਰਾਹ ਪਾਇਆ। ਆਪ ਜੀ ਨੇ ਮਿਹਨਤ ਅਤੇ ਮਿਲ ਵੰਡ ਕੇ ਖਾਣ ਦੀ ਸਿੱਖਿਆ ਦਿਤੀ। ਆਪ ਜੀ **1539** ਨੂੰ ਜੋਤੀ ਜੋਤ ਸਮਾ ਗਏ।